ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰ 15 ,,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬]      ੧ ਮਈ ੧੯੭੨      [ਅੰਕ ੪

### ਸੋਰਠਿ ਮਹਲਾ ੫

ਮਿਰਤਕ ਕਉ ਪਾਇਓ ਤਨਿ ਸਾਸਾ ਬਿਛੁਰਤ ਆਨ ਮਿਲਾਇਆ ॥
ਪਸੂ ਪ੍ਰੇਤ ਮੁਗਧ ਭਏ ਸ੍ਰੋਤੇ ਹਰਿਨਾਮਾ ਮੁਖਿ ਗਾਇਆ ॥ ੧ ॥
ਪੂਰੇ ਗੁਰ ਕੀ ਦੇਖੁ ਵਡਾਈ ॥
ਤਾਕੀ ਕੀਮਤਿ ਕਹਣੁ ਨ ਜਾਈ ॥ ਰਹਾਉ ॥
ਦੂਖ ਸੋਗ ਕਾ ਢਾਹਿਓ ਡੇਰਾ ਅਨਦ ਮੰਗਲ ਬਿਸਰਾਮਾ ॥
ਮਨ ਬਾਂਛਤ ਫਲ ਮਿਲੇ ਅਚਿੰਤਾ, ਪੂਰਨ ਹੋਏ ਕਾਮਾ ॥ ੨ ॥
ਈਹਾ ਸੁਖ ਆਗੈ ਮੁਖ ਊਜਲ ਮਿਟ ਗਏ ਆਵਣ ਜਾਣੇ ॥
ਨਿਰਭਉ ਭਏ ਹਿਰਦੈ ਨਾਮੁ ਵਸਿਆ, ਅਪਨੇ ਸਤਿਗੁਰ ਕੈ ਮਨਿ ਭਾਣੇ ॥ ੩ ॥
ਊਠਤ ਬੈਠਤ ਹਰਿ ਗੁਣ ਗਾਵੈ ਦੂਖੁ ਦਰਦ ਭ੍ਰਮੁ ਭਾਗਾ ॥
ਕਹੁ ਨਾਨਕ ਤਾਕੇ ਪੂਰ ਕਰੰਮਾ ਜਾ ਕਾ ਗੁਰ ਚਰਨੀ ਮਨੁ ਲਾਗਾ ॥੪॥੧੦॥੨੧॥

www.AKJ.Org

# ਗੁਰੂ ਕਾ ਸਿੱਖ ਕੌਣ ਹੈ ?

—ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸਿੱਖ ਮਤ ਉਤੇ ਕੋਰਾ ਵਿਸ਼ਵਾਸ਼ ਰਖਣਾ ਕੁਛ ਹੋਰ ਚੀਜ਼ ਹੈ, ਗੁਰੂ ਕੇ ਹੁਕਮਾਂ ਦੇ ਅਨੁਸਾਰ ਚਲਣਾ ਅਰਥਾਤ ਗੁਰੂ ਦੇ ਭਾਣੇ ਅੰਦਰ ਵਰਤਣਾ ਕੁਛ ਹੋਰ ਗਲ ਹੈ। ਵਿਸ਼ਵਾਸ ਤਾਂ ਕੇਵਲ ਗਲੀਂ ਬਾਤੀਂ ਘਰ ਪੂਰਾ ਕਰ ਲੈਣ ਵਾਲੀ ਗਲ ਹੈ। ਗੁਰ ਹੁਕਮਾਂ ਦੀ ਕਮਾਈ (ਅਮਲੀ ਵਰਤੋਂ) ਭਾਵੇਂ ਹੋਵੇ ਭਾਵੇਂ ਨਾ ਹੋਵੇ, ਸਿਖ ਮਤ ਦਾ ਧਾਰਨੀ ਭਾਵੇਂ ਹੋਵੇ ਭਾਵੇਂ ਨ ਹੋਵੇ, ਸਿਖ ਮਤ ਦੇ ਪਰਵਾਣ ਕਰਤੇ ਨੂੰ ਸਿਖ ਮਤਿ ਦਾ ਧਾਰਨੀ ਨਹੀਂ ਕਹਿ ਸਕਦੇ। ਸੋ ਜਦ ਤਾਈਂ ਗੁਰੂ ਦੇ ਹੁਕਮ ਰਜਾਈ ਚਲਦਾ; ਵਰਤਦਾ ਹੋਇਆ ਕੋਈ ਪੁਰਸ਼ ਸਿਖ ਮਤ ਨੂੰ ਧਾਰਨ ਨਾ ਕਰ ਲਵੇ, ਨਿਰੇ ਸਿਖ ਮਤਿ ਉਪਰ ਵਿਸ਼ਵਾਸ ਰਖਣ ਨਾਲ ਉਹ ਸਿਖ ਨਹੀਂ ਬਣ ਸਕਦਾ। ਕਿਉਂ ਕਿ ਸਿਖ ਤਾਂ ਉਹੋ ਹੀ ਹੈ, ਜੋ ਗੁਰੂ ਦੇ ਭਾਣੇ ਅੰਦਰ ਆਵੇ। ਨਹੀਂ ਆਪੋਂ (ਆਪਣੇ ਮੂੰਹੋਂ) ਸਿਖ ਸਦਵਾਉਣ ਨਾਲ ਕੋਈ ਸਿਖ ਕਿਵੇਂ ਬਣ ਸਕਦਾ ਹੈ। ਜਦ ਉਪਰਲੇ ਗੁਰ ਪਰਮਾਣ ਦੀ ਦੂਜੀ ਤੁਕ "ਆਪਣੇ ਭਾਣੇ ਜੋ ਚਲੈ ਭਾਈ ਸੋ ਵਿਛੜ ਚੋਟਾ ਖਾਵੈ" ਤੋਂ ਸਾਫ ਸਿਧ ਹੈ ਕਿ ਆਪਣੇ ਭਾਣੇ ਅੰਦਰ ਚਲਣ ਵਾਲੇ ਅਰਥਾਤ ਆਪਣੀ ਕਥਨੀ ਬਦਨੀ ਦੁਆਰਾ ਆਪਣੇ ਆਪ ਵਿਚ ਕੁਛ ਸਿਖ ਬਣ ਫਿਰਨ ਵਾਲੇ ਸਤਿਗੁਰੂ ਤੋਂ ਵਿਛੜੇ ਹੋਏ ਹਨ ਅਤੇ ਪਏ ਭਰਮਦੇ ਭਟਕਦੇ ਫਿਰਦੇ ਹਨ। ਉਹ ਸਤਿਗੁਰ ਨਾਲ ਕੋਈ ਸਬੰਧ ਨਹੀਂ ਰਖਦੇ। ਸਤਿਗੁਰ ਦਾ ਸਬੰਧ ਕੇਵਲ ਉਹਨਾਂ ਪੁਰਸ਼ਾਂ ਨਾਲ ਹੀ ਹੈ, ਜੋ ਸਤਿਗੁਰ ਦੇ ਭਾਣੇ ਅੰਦਰ ਆ ਗਏ ਹੋਣ। ਜੋ ਗੁਰੂ ਦੇ ਹੁਕਮ ਰਜਾਈ ਚਲਣ ਵਾਲ ਹੋਣ, ਬਸ ਸਤਿਗੁਰ ਦੇ ਐਸੇ ਸਨਬੰਧੀ ਅਰਥਾਤ ਬੰਧਪ ਹੀ ਸਿਖ ਸਦਾ ਸਕਦੇ ਹਨ। ਅਪੋਂ ਕੋਈ ਆਪਣੇ ਆਪ ਨੂੰ ਸਿਖ ਨਹੀਂ ਸਦਾ ਸਕਦਾ। ਆਪਣੀ ਕਥਨੀ ਬਦਨੀ ਦਵਾਰਾ ਅਜ ਕਲ ਦੇ ਚੁੰਚ ਗਿਆਨੀ ਆਪਣੇ ਆਪ ਨੂੰ ਕੇਵਲ ਸਿਖ ਹੀ ਨਹੀਂ ਸਦਾਉਂਦੇ ਸਗੋਂ ਬ੍ਰਹਮ ਗਿਆਨੀ ਬਣੇ ਬੈਠੇ ਹਨ। ਪ੍ਰੰਤੂ ਅਜਿਹੇ ਕਥਨੀ ਦੇ ਚੁੰਚ ਮੁਖੀਆਂ ਦੇ ਮੂੰਹ ਉਤੇ ਗੁਰਵਾਕ ਕੇਹੀ ਕਸਵੀਂ ਚਪੇੜ ਮਾਰਦਾ ਹੈ। ਯਥਾ ਗੁ: ਵਾ :—

'ਗਿਆਨੁ ਗਿਅਨੁ ਕਥੈ ਸਭ ਕੋਈ ॥  
ਕਥਿ ਕਥਿ ਬਾਦੁ ਕਰੇ ਦੁਖ ਹੋਈ॥  
ਕਥਿ ਕਹਣੈ ਤੇ ਰਹੈ ਨਾ ਕੋਈ ॥  
ਬਿਨੁ ਚਸੁ ਰਾਤੇ ਮੁਕਤ ਨਾ ਹੋਈ ॥  
ਸਾਚੀ ਰਹਿਤ ਸਾਚਾ ਮਨ ਸੋਈ ॥  
ਮਨਮੁਖ ਕਥਨੀ ਹੈ ਪਰ ਰਹਿਤ ਨਾ ਹੋਈ ॥  
ਨਾਵਹੁ ਭੂਲੇ ਥਾਓ ਨਾ ਕੋਈ ॥"

ਦੇਖਿਆ ! ਕੇਵਲ ਕਥਨੀ ਦਵਾਰਾ ਆਪਣੇ ਆਪ ਨੂੰ ਕੁਛ ਸਦਾਉਣ ਵਾਲਿਆਂ ਅਤੇ ਸੱਚੀ ਕਮਾਈ ਅਥਵਾ ਰਹਿਤ ਰਹਿਣੀ ਤੋਂ ਊਰੇ ਫਿਰਨ ਵਾਲਿਆਂ ਨੂੰ ਇਕ ਗੁਰਵਾਕ ਅੰਦਰ 'ਮਨਮੁਖ' ਦਾ ਖਿਤਾਬ ਮਿਲਿਆ



www.AKJ.Org

ਹੈ। ਸੋ ਆਪਣੇ ਆਪ ਵਿਚ ਹੀ ਸਿਖ ਬਣੇ ਫਿਰਨ ਵਾਲਾ ਸਿਖ ਕਦਾਚਿਤ ਨਹੀਂ ਸਦਾ ਸਕਦਾ। ਉਹ ਮਨਮੁਖ ਹੈ, ਅਸਿਖ ਹੈ, ਨਿਗੋ ਸਾਇਆ ਹੈ ਨਿਗੁਰਾ ਹੈ ਅਤੇ ''ਸਤਿ ਗੁਰ ਬਾਝੋਂ ਗੁਰ ਨਹੀਂ ਹੋਈ, ''ਨਿਗੁਰੇ ਕਾ ਹੈ ਨਾਉ ਬੁਰਾ'' ਦੇ ਗੁਰਵਾਕ ਤੋਂ ਸਪਸ਼ਟ ਇਹ ਸਿਧ ਹੁੰਦਾ ਹੈ ਕਿ ਸਤਿਗੁਰ ਨਾਨਕ ਦੇਵ ਜੀ ਦੇ ਬਿਨਾਂ ਹੋਰ ਕੋਈ ਗੁਰੂ ਸੰਸਾਰ ਵਿਖੇ ਹੈ ਨਹੀਂ ਅਤੇ ਇਸ ਸਚੇ ਗੁਰੂ ਦੇ ਧਾਰਨ ਕੀਤੇ ਬਿਨਾਂ ਪੁਰਸ਼ ਇਸ ਸੰਸਾਰ ਵਿਖੇ ਨਿਗੁਰਾ ਹੀ ਹੀ ਰਹਿੰਦਾ ਹੈ। ਅਜੇਹੇ ਨਿਗੁਰੇ,ਅਸਿਖ ਪੁਰਸ਼ ਦਾ ਨਾਉਂ ਹੀ ਬੁਰਾ ਹੈ, ਉਸ ਨੂੰ ਗੁਰੂ ਦਾ ਸਿਖ ਕਦੋਂ ਕਿਹਾ ਜਾ ਸਕਦਾ ਹੈ। ਉਹ ਤਾਂ ਸਦਾ ਆਪਣੇ ਭਾਣੇ ਅੰਦਰ ਚਲਦਾ ਹੈ ਅਤੇ ਵਿਛੜ ਵਿਛੜ ਚੋਟਾਂ ਖਾਂਦਾ ਹੈ, ਜੈਸੇ ਕਿ ਗੁਰਵਾਕ ਹੈ :—

''ਸੋ ਨਿਗੁਰਾ ਜੋ ਗੁਰ ਕੇ ਭਾਣੇ ਕੀ ਸਾਰ ਨਾ ਜਾਣੇ ॥''

ਤਥਾ—

'ਨਿਗੁਰਾ ਜੋ ਮਰ ਮਰ ਜੰਮੇ ਨਿਗੁਰੇ ਆਵਣ ਜਾਵਣਿਆ ॥

ਹੁਣ ''ਸਤਿਗੁਰ ਬਾਝੋਂ ਗੁਰ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ--'' ਵਾਲੇ ਗੁਰ ਪ੍ਰਮਾਣ ਤੋਂ ਗੁਰਮਤਿ ਦਾ ਇਕ ਹੋਰ ਬੜਾ ਭਾਰੀ ਅਸੂਲ ਅਰੂੜ ਹੁੰਦਾ ਹੈ ਉਹ ਇਹ ਕਿ ਯਦਪ ਸਤਿਗੁਰੂ ਗੁਰੂ ਨਾਨਕ ਦੇਵ ਜੀ ਤੋਂ ਬਿਨਾ ਹੋਰ ਕੋਈ ਗੁਰੂ ਨਹੀਂ ਸੋ ਸਿਖ ਪਦ ਭੀ ਕੇਵਲ ਉਹਨਾਂ ਉਤੇ ਘਟ ਸਕਦਾ ਹੈ ਜੋ ਕੇਵਲ ਗੁਰੂ ਨਾਨਕ ਦੇਵ ਦੇ ਹੀ ਸਿਖ ਹੋਣ। ਜੋ ਭੇਖੀ ਗੁਰੂ ਸੰਸਾਰ ਵਿਖੇ ਬਣੇ ਫਿਰਦੇ ਹਨ ਉਹਨਾਂ ਦੇ ਚੇਲੇ ਭੀ 'ਸਿਖ ਸਦਾਉਣ ਦੇ ਅਧਿਕਾਰੀ ਨਹੀਂ। ਜੈਸਾ ਕਿ ਇਸ ਅਗਲੇ ਗੁਰਵਾਕ ਤੋਂ ਸਪਸ਼ਟ ਹੈ, ਯਥਾ ਗੁ: ਵਾ :—

''ਗੁਰੂ ਜਿਨਾ ਕਾ ਅੰਧਲਾ ਸਿਖ ਵੀ ਅੰਧੇ ਕਰਮ ਕਰੇਨ ॥
ਓਇ ਭਾਣੇ ਚਲਨ ਆਪਣੇ ਨਿਤ ਝੂਠੋ ਝੂਠ ਬੋਲੇਣ ॥
ਕੂੜ ਕੁਸਤ ਕਮਾਂਵਦੇ ਪਰਨਿੰਦਾ ਸਦਾ ਕਰੇਨ ॥
ਓਇ ਆਪ ਡੁਬੇ ਪਰਨਿੰਦਕਾਂ ਸਗਲੇ ਕੁਲ ਡਬੋਨ ॥
ਨਾਨਕ ਜਿਤ ਓਇ ਲਾਏ ਤਿਤ ਲਗੇ ਬਪੜੇ ਕਿਆ ਕਰੇਨ ॥

ਇਸ ਗੁਰਵਾਕ ਤੋਂ ਸਾਨੂੰ ਹਦਾਇਤ ਮਿਲਦੀ ਹੈ ਕਿ ਭੇਖ ਅਗਿਆਨੀ ਗੁਰੂ ਦੇ ਸਿਖ ਭੀ ਹੁੰਦੇ ਹਨ। ਉਹ ਐਵੇਂ ਹੀ ਆਪਣੇ ਆਪ ਉਤੇ ਅਣਹੋਇਆ 'ਸਿਖ' ਪਦ ਘਟਾ ਲੈਂਦੇ ਹਨ। ਵਾਸਤਵ ਵਿਚ ਹੁੰਦੇ ਉਹ ਨਿਰੇ ਅਗਿਆਨੀ ਅੰਧਲੇ ਅਸਿਖ ਹਨ ਅਲਪਗ, ਅਗਿਆਨੀ ਗੁਰ ਦੇ ਸਿਖ ਜੁ ਹੋਏ। ਜੈਸਾ ਕਿ ਗੁਰੂ ਵਾਕ ਹੈਂ :—

'ਗੁਰੂ ਸਦਾਏ ਅਗਿਆਨੀ ਅੰਧਾ,
ਕਿਸ ਉਹ ਮਾਰਗ ਪਾਏ ॥'

ਤਥਾ – 'ਗੁਰੂ ਜਿਨ੍ਹਾਂ ਦਾ ਅੰਧਲਾ ਚੇਲੇ ਨਾਹੀਂ ਠਾਉਂ ॥'

ਅਜਿਹੇ ਅਗਿਆਨੀ ਆਪਣੇ ਆਪ ਹੀ ਗੁਰੂ ਬਣ ਬੈਠਣ ਵਾਲੇ ਅਤੇ ਆਪਣੇ ਆਪ ਨੂੰ ਨਿਖੜਵਾਂ ਭੂਖ ਮਾਤਰ ਗੁਰੂ ਸਦਾਉਣ ਵਾਲੇ ਪੁਰਸ਼ ਦੇ, ਚੇਲੇ ਚਪਾਟੇ ਭੀ ਭੇਖੀ ਅਤੇ ਅਗਿਆਨੀ ਹੁੰਦੇ ਹਨ ਉਹ ਭੀ ਸਦਵਾਉਂਦੇ ਆਪਣੇ ਆਪ ਨੂੰ ਸਿਖ ਹਨ, ਪ੍ਰੰਤੂ ਕਰਮ ਉਹਨਾਂ ਦੇ ਅਸਿਖਾਂ ਵਾਲੇ ਹੁੰਦੇ ਹਨ, ਕਿਉਂ ਕਿ ਦੂਜੀ ਤੁਕ ਅੰਦਰ ਦਸਿਆ ਹੈ ਕਿ ਉਹ ਆਪਣੇ ਭਾਣੇ ਅੰਦਰ (ਮਨ ਦੀ ਮਰਜ਼ੀ ਅਨੁਸਾਰ) ਹੀ ਚਲਦੇ ਹਨ ਅਤੇ ਸਭ ਤੋਂ ਪਿਰਥਮ ਪਰਮਾਨ ਗੁਰਵਾਕ ਅੰਦਰ ਦਸਿਆ ਹੈ ਕਿ ਜਿਹੜੇ ਆਪਣੇ ਅੰਦਰ ਚਲਣ ਵਾਲੇ ਹਨ, ਉਹਨਾਂ ਦਾ ਸਤਿਗੁਰ ਨਾਲ ਕੋਈ ਸਨਬੰਧ ਸਾਕ ਨਹੀਂ। ਅਰਥਾਤ ਉਹ ਗੁਰੂ ਦੇ ਸਿਖ ਨਹੀਂ ਸਦਵਾ ਸਕਦੇ। ਸੋ ਇਸ ਪਿਛਲੇਰੇ ਗੁਰ ਪਰਮਾਣ ਤੋਂ ਅਸਾਂ ਨੂੰ ਸਾਫ ਇਹ ਸਮਝੌਤੀ ਮਿਲਦੀ ਹੈ ਕਿ ਅਜਿਹੇ ਕਚੇ ਪਿਲੇ ਭੇਖੀ ਅਤੇ ਡਿੰਭੀ ਗੁਰੂਆਂ ਦੇ ਚੇਲੇ ਚਾਟਿਆਂ ਨੂੰ ਕਦੇ ਸਿਖ ਕਰਕੇ ਨਹੀਂ ਜਾਨਣਾ। ਚਾਹੇ ਉਹ ਆਪਨੂੰ ਕਿਤਨਾ ਹੀ ਕਿਉਂ ਨਾ ਸਿਖ ਸਦਾਉਂਦੇ ਫਿਰਨ। ਕਿਉਂਕਿ ਉਹਨਾਂ ਦਾ ਤਾਂ ਕਸਬ ਤਿਨਾ ਪ੍ਰਤਿ ਝੂਠੋ ਝੂਠ ਬੋਲਣ ਅਤੇ ਕੂੜ ਕੁਸਤ



www.AKJ.Org

ਕਮਾਵਣਾ ਹੈ ਆਪਣੇ ਮੂੰਹੋਂ ਮੀਆਂ ਮਿਠੂ ਤਾਂ ਸਭ ਕੋਈ ਬਣ ਜਾਂਦਾ ਹੈ। ਆਪੋਂ ਚਾਹੇ ਕੋਈ ਕਿਤਨਾ ਹੀ ਨਿਜ ਨੂੰ ਸਿਖ ਸਦਵਾਏ, ਉਸ ਨਿਜ ਕਥਨੀ ਦੁਅਰਾ ਉਹ ਕਦਾਚਿਤ ਸਿਖ ਨਹੀਂ ਬਣ ਸਕਦਾ, ਨਾ ਸਿਖ ਤਸਲੀਮ ਕੀਤਾ ਜਾ ਸਕਦਾ ਹੈ । ਇਸ ਗੁਰਵਾਕ ਦੀ ਵਿਆਖਿਆ ਤੋਂ ਸਿਟਾ ਨਿਕਲਿਆ ਕਿ ਸਿਖ ਕੇਵਲ ਗੁਰੂ ਨਾਨਕ ਦੇਵ ਜੀ ਦੀ ਸਿਖੀ ਧਾਰਣ ਕਰਨ ਵਾਲੇ ਨੂੰ ਕਹਿ ਸਕਦੇ ਹਨ। ਗੁਰੂ ਘਰ ਤੋਂ ਬੇਮੁਖ, ਭੇਖੀ ਦੇਹਧਾਰੀ ਗੁਰੂਆਂ ਦੇ ਚੇਲੇ ਜੋ ਕਿ ਗੁਰਮਤਿ, ਸਿਖ ਮਤਿ, ਗੁਰੂ ਨਾਨਕ ਦੇਵ ਜੀ ਦੀ ਸਿਖੀ ਦੇ ਧਾਰਨੀ ਨਾ ਹੋਣ ਉਹਨਾਂ ਦਾ ਨਾਉਂ ਭੀ ਸਿਖ ਨਹੀਂ । ਇਹਨਾਂ ਭੇਖੀ ਅਤੇ ਦੇਹਧਾਰੀ ਗੁਰੂਆਂ ਅਤੇ ਅਜਿਹੇ ਨਕਲੀ ਗੁਰੂਆਂ ਦੇ ਨਕਲੀ ਸਿਖ ਦਾ ਝਮੇਲਾ ਗੁਰੂ ਪੰਥ ਵਿਖੇ ਪਹਿਲੇ ਦਿਨੋਂ ਪੈਂਦਾ ਰਿਹਾ ਹੈ । ਪ੍ਰੰਤੂ ਗੁਰੂ ਕਰਣੀ ਦੁਆਰਾ ਤਾਬੜ ਤੋੜ ਹੀ ਨਿਬੜਦਾ ਰਿਹਾ ਹੈ । ਅੰਤੀ ਗੁਰ ਨਾਨਕ, ਜੀ ਸ੍ਰੀ ਦਸ਼ਮੇਸ਼ ਜੀ ਨੇ ਓੜਕ ਏਸੇ ਝਮੇਲੇ ਨੂੰ ਅਜਿਹਾ ਨਬੇੜਿਆ ਕਿ ਗੁਰੂ ਘਰ ਦੀ ਗੁਰਸਿਖੀ ਦੀ ਜੁਗਾਂ ਜੁਗਾਤ੍ਰਾਂ ਲਈ ਅਟੱਲ ਪਰਖ ਅਤੇ ਪਛਾਣ ਅਰੂੜ ਕਰ ਦਿਤੀ। ਜਿਸ ਤੋਂ ਕਦਾਚਿਤ ਭੀ ਇਹ ਧੋਖਾ ਨਹੀਂ ਲਗ ਸਕਦਾ ਕਿ ਸਚਾ ਸਿੱਖ ਕਿਹੜਾ ਹੈ ਅਤੇ ਭੇਖੀ ਸਿਖ ਕਿਹੜਾ ਹੈ।

ਬੱਸ ਜਦ ਸ੍ਰੀ ਦਸਮੇਸ਼ ਜੀ ਨੇ ਆਪਣੀ ਅਗਾਧ ਅਤੇ ਅਮਿਤ ਗਤੀ ਦੁਆਰਾ ਸਿਖ ਬਨਣ ਅਤੇ ਸਿਖ ਮਤਿ ਧਾਰਨ ਦੀ ਪਵਿਤਰ ਮਰਯਾਦਾ ਸਦੀਵ ਲਈ ਅਤੇ ਸਭ ਲਈ ਚਰਨਾਂਮ੍ਰਿਤ ਦੀ ਜਗਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ, ਪੰਚ ਖਾਲਸਾ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿਖੇ ਬਦਲ ਦਿਤਾ ਹੈ ਅਤੇ ਇਸ ਬਿਧ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਰੂਪੀ ਪਦਵੀ ਨੂੰ ਜੁਗਾਂਤਰਾਂ ਲਈ ਅਟੱਲ ਅਤੇ ਅਰੂੜ ਕਰ ਦਿਤਾ ਹੈ । ਤਦ ਅਜ ਕਲ ਸਿਖ ਬਣਨ ਲਈ ਅਤੇ ਸਿਖ ਮਤਿ ਦੇ ਧਾਰਨ ਕਰਨ ਲਈ ਪ੍ਰਿਥਮ ਅਤੇ ਮੂਲ ਨਿਯਮ ਖੰਡੇ ਦੇ ਅੰਮ੍ਰਿਤ ਰੂਪ ਪਵਿਤਰ ਗੁਰਮਰਯਾਦਾ ਤੋਂ ਭਿੰਨ ਕਦਾਚਿਤ ਕੋਈ ਹੋਰ ਹੋ ਨਹੀਂ ਸਕਦਾ। ਸਿਖ ਬਣਾਉਣ ਦੀ ਪਵਿਤਰ ਮਰਯਾਦਾ ਦੇ ਇਸ ਬਿਧ ਕਾਇਆਂ ਪਲਟਣ ਦਾ ਦੂਜਾ ਪ੍ਰਗਟ ਅਤੇ ਪ੍ਰਸਿਧ ਕਾਰਣ ਇਹ ਹੈ ਕਿ ਸਿਖ ਕੌਮ ਮੁਢ ਤੋਂ ਹੀ (ਅਰਥਾਤ ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ) ਰਾਜ ਯੋਗ ਮਾਨਣ ਵਾਲੀ ਅਰਥਾਤ ਗ੍ਰਹਸਤ ਵਿਖੇ ਰਹਿ ਕੇ ਹੀ ਮੋਖਸ਼ ਪਦਵੀ ਪ੍ਰਾਪਤ ਹੋਣ ਵਾਲਾ ਪਰਉਪਕਾਰੀ ਅਤੇ ਧਰਮਾਰਥੀ ਜੱਥਾ ਹੈ, ਪਹਿਲੀ ਪੰਜੇ ਪਾਤਸ਼ਾਹੀਆਂ ਦੇ ਸਮੇਂ ਤੀਕਰ ਤਾਂ ਸਿਖਾਂ ਦਾ ਪਰਉਪਕਾਰ ਅਤੇ ਪਰਮਾਰਥ ਨਿਰਵਿਘਨ ਨਿਭਦਾ ਰਿਹਾ। ਪ੍ਰੰਤੂ ਤਦ ਪਸਚਾਤ ਰਾਜ-ਗਰਦੀ ਅਤੇ ਨਾਨਾ ਪਰਕਾਰ ਦੇ ਜ਼ੋਰ ਜ਼ੁਲਮ ਅਤੇ ਅਨ੍ਹੇਰ ਗਰਦੀ ਦਾ ਦੌਰ ਦੌਰਾ ਹੋ ਜਾਣ ਪਰ ਸ੍ਰੀ ਸਤਿਗੁਰੂ ਜੀ ਨੇ ਛੇਵੇਂ ਜਾਮੇਂ ਤੋਂ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ ਗੁਰਸਿਖਾਂ ਨੂੰ ਯੁਧ ਜੰਗ ਲਈ ਸਨਧਬੱਧ ਰੱਖਣਾ ਅਰੰਭ ਕੀਤਾ । ਐਥੋਂ ਤਾਈਂ ਦਸਵਾਂ ਜਾਮਾ ਧਾਰ ਕੇ ਪਰਜਾ ਦੀ ਰੱਖਛਾ ਲਈ ਸੂਰਬੀਰ ਜੋਧਿਆਂ ਦਾ ਪੰਥ ਪਰਗਟ ਕਰਨ ਹਿਤ ਖੰਡੇ ਦੇ ਅੰਮ੍ਰਿਤ ਦੀ ਪਵਿਤਰ ਮਰਯਾਦਾ ਚਲਾਕੇ ਗੁਰਸਿਖਾਂ ਵਿਖੇ ਬੀਰ ਰਸ ਭਰ ਦਿਤਾ। ਹੁਣ ਇਸ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਜਿਆ ਸਿਖ ਉਹ ਸਿਖ ਹੈ, ਜੋ ਸਿਖੀ ਦੇ ਦਾਇਰੇ ਅੰਦਰ ਆ ਕੇ (ਗੁਰੂ ਕੇ ਭਾਣੇ ਅੰਦਰ ਆ ਕੇ) ਗੁਰਬਾਣੀ ਦੁਆਰਾ ਪਰਗਟ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਅਤੇ ਸਮੂਹ ਹੁਕਮਾਂ ਸਿਰ ਮਥੇ ਉਤੇ ਸਵੀਕਾਰ ਕਰਨ ਕਰਕੇ ਗੁਰੂ ਘਰ ਦਾ, ਗੁਰੂ ਦਾ, ਸਤਿਗੁਰੂ ਗੁਰੂ ਨਾਨਕ ਦੇਵ ਜੀ, ਸਤਿਗੁਰੂ ਦਸਮੇਸ਼ ਜੀ, ਸਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਸਦਵਾਂਦਾ ਹੈ। ਉਹੀ ਸਿਖ ਪਰਉਪਕਾਰੀ, ਸਨਧਬੱਧ ਸ਼ਸਤਰਧਾਰੀ ਹੋਣ ਕਰਕੇ ਸਿੰਘ ਸਦਾਉਂਦਾ



www.AKJ.Org

ਹੈ । ਉਹੀ ਸਿਖ ਖਾਲਸ (ਨਿਰਮਲ) ਪਰਉਪਕਾਰ ਹਿਤ ਪ੍ਰਗਟ ਹੋਇ ਖਾਲਸਾ ਪੰਥ ਦੀ ਇਕ ਅਦੁਤੀ ਅਤੇ ਅਕਾਲੀ ਅੰਸ ਹੋਣ ਕਰਕੇ, ਖਾਲਸਾ ਸਦਾਉਂਦਾ ਹੈ । ਜਿਸ ਦੇ ਘਟ ਅੰਦਰ ਸਦਾ ਹੀ ਵਾਹਿਗੁਰੂ ਜਾਗਤ ਜੋਤ ਜਗਦੀ ਹੈ । ਸੋਈ ਸਿਖ ਸਦੀਵ ਗੁਰੂ ਨੂੰ ਸਨਮੁਖ ਅਤੇ ਅੰਗ ਸੰਗ ਜਾਨਣ ਵਾਲਾ ਅਤੇ ਕੇਵਲ ਗੁਰੂ ਉਤੇ ਹੀ ਤਕੀਆ ਤਾਣ ਰੱਖਣ ਵਾਲਾ ਅਤੇ ਸਰਬ ਸੰਸਾਰ ਤੋਂ ਉਪਰਾਮ ਹੋ ਕੇ ਅਤੇ ਮਾਇਆ ਵਿਚ ਕੰਵਲ ਵਤ ਅਲੇਪ ਰਹਿ ਕੇ ਕੇਵਲ ਗੁਰੂ ਪਰਾਇਣ ਹੀ ਰਹਿਣ ਵਾਲਾ ਹੋਣ ਕਰਕੇ 'ਗੁਰਮੁਖ' ਅਖਵਾਉਂਦਾ ਹੈ । ਸੋਈ ਸਿਖ ਆਪਾ ਭਾਵ ਨਿਵਾਰ ਕੇ ਸਾਧ ਸੰਗਤ ਦੀ ਰੇਣਕਾ ਅਤੇ ਗਰੀਬੀ ਗਦਾ ਬਣਾ ਕੇ ਅਤੇ ਸੇਵਾ ਨੂੰ ਮੁਖ ਰੱਖ ਕੇ ਦਾਸਾਂ ਦਾ ਭੀ ਦਾਸ ਬਣ ਰਹਿਣ ਕਰ 'ਸੇਵਕ' ਦੀ ਪਦਵੀ ਨੂੰ ਪ੍ਰਾਪਤ ਹੈ । ਇਹ ਨਹੀਂ ਕਿ ਸਿਖ ਕੇਵਲ ਕੇਸਧਾਰੀ ਹੋਣ ਕਰ ਸਿੰਘ ਸਦਾਉਂਦਾ ਅਤੇ ਮੋਨਾ ਹੋਣ ਕਰ ਸਹਿਜਧਾਰੀ ਅਖਾਉਂਦਾ ਹੈ । ਇਸ ਬਿਧ ਜੋ 'ਸਿਖ ਪਦ' ਦੀ ਵਿਆਖਿਆ ਕਰਦੇ ਹਨ, ਉਹ ਗੁਰੂ ਘਰ ਦੇ ਗੂੜ੍ਹ ਪਰਮਾਰਥੀ ਭੇਦਾਂ ਅਤੇ ਗੁਰਸਿਖੀ ਤੋਂ ਹੀ ਅਗਿਆਤ ਹਨ । ਸਿਖ ਕੌਮ ਵਿਖੇ ਸਿਖ ਪਦ ਸੰਬੰਧੀ ਇਸ ਪ੍ਰਕਾਰ ਦੀ ਮਨ ਕਲਪਤ ਵਿਆਖਿਆ ਦਵਾਰਾ ਸਿਖ ਕੌਮ ਵਿਖੇ ਸਿਖਾਂ, ਦੇ ਵਖੋ ਵਖ ਵਰਨ ਚਿਹਨ ਅਸਥਾਪਣ ਕਰ ਦੇ ਹਿੰਦੂ ਕੌਮ ਦੇਣੇ ਮੰਨੇ ਹੋਏ ਵਰਨ ਆਸ਼ਰਮ ਵਾਲੀ ਅਗਿਆਨਤਾ ਪੂਰਤ ਨਕਲ ਹੈ । ਗੁਰੂ ਘਰ ਦੀ ਪ੍ਰਕਰਾਮੀ ਗੁਰਸਿਖ ਗਾਥਾ ਅਨੁਸਾਰ ਜਿਸ ਪ੍ਰਕਾਰ ਕਿ ਸਿਖ ਦੇ ਜੀਵਨ ਵਿਖੇ ਹਿੰਦੂਆਂ ਦੇ ਸਾਰੇ ਅਰਥਾਤ ਚਾਰੇ ਵਰਨਾ ਆਸ਼ਰਮਾਂ ਵਾਲੇ ਗੁਣ ਗੁਫਤ ਅਤੇ ਪੂਰਤ ਹਨ ।

ਪਰਮਾਰਥ ਦਾ ਪਾਂਧੀ ਸੰਤ ਭਗਤ ਅਤੇ ਗੁਰਮੁਖ ਬ੍ਰਹਮ ਵਿਚਾਰੀ ਬ੍ਰਹਮ ਗਿਆਨ ਹੋਣ ਕਰ ਕੇ ਸਿਖ ਬ੍ਰਹਮਣ ਹੈ, ਸੋਈ ਸਿਖ ਪਰਉਪਕਾਰੀ, ਸੂਰਬੀਰ ਯੋਧਾ ਹੋਣ ਕਰ ਕੇ ਛਤਰੀ ਹੈ । ਸੋਈ ਗ੍ਰਹਿਸਤੀ ਅਤੇ ਦਸਾਂ ਨਵਾਂ ਦੀ ਕਮਾਈ ਕਰ ਕੇ ਘਾਲ ਖਾਇ ਕੁਛ ਹਥੋਂ ਦੇਣ ਵਾਲਾ ਹੋਣ ਕਰਕੇ 'ਵੈਸ਼' ਹੈ ਅਤੇ ਸੋਈ ਸਿਖ ਸੇਵਾ ਦੇ ਮੰਡਲ ਦਾ ਮੋਹਰੀ ਹੋਣ ਕਰਕੇ ਸੂਦਰ ਹੈ । ਏਸੇ ਪ੍ਰਕਾਰ ਸਿੰਘ, ਖਾਲਸਾ ਗੁਰਮੁਖ ਅਤੇ ਸੇਵਕ ਵਾਲੇ ਸਾਰੇ ਗੁਣ ਇਕੋ ਸਿਖ ਵਿਖੇ ਹੀ ਘਟਦੇ ਹਨ । ਸੋ 'ਸਿਖ ਪਦ' ਦੇ ਪ੍ਰਕਾਰਨ ਮਾਤਰ ਵਿਚ ਸਿੰਘ, ਖ਼ਾਲਸਾ, ਗੁਰਮੁਖ ਅਤੇ ਸੇਵਕ ਆਪੇ ਹੀ ਪੁਕਾਰੇ ਜਾਂਦੇ ਹਨ । ਇਹ ਸਿਖ ਪਦ ਦੀ ਸਿਖ ਪਦਵੀ ਦੀ ਗੁਰੂ ਘਰ ਵਿਖੇ ਵਿਲਖਣਤਾ ਹੈ । ਸੋ ਸਿਖ ਸਦਾਉਣ ਵਾਲੇ ਭਰਾਵੋ ! ਤੁਸੀਂ ਕਦੇ ਵੀ ਆਪਣੇ ਆਪ ਨੂੰ ਸਿਖ ਨਹੀਂ ਸਦਵਾ ਸਕਦੇ,ਜਦ ਤੀਕਰ ਕਿ ਤੁਸੀਂ ਸਤਿਗੁਰੂ ਦਸਮੇਸ਼ ਜੀ ਦੇ ਸਮੇਂ ਪਰਚੁਰ ਪਵਿਤਰ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਿੱਖ ਨਹੀਂ ਬਣ ਜਾਂਦੇ । ਤੁਸਾਂ ਨੂੰ ਭਲੀ ਬਿਧ ਇਹ ਭੇਦ ਪ੍ਰਗਟ ਰਹੇ ਕਿ ਕੇਵਲ ਖੰਡੇ ਦੇ ਅੰਮ੍ਰਿਤ ਦੁਆਰਾ ਸਜੇ ਸਿੰਘ ਹੀ ਸਿਖ ਸਦਾ ਸਕਦੇ ਹਨ । ਆਪ ਕਹੋਗੇ ਕਿਉਂ ਜੀ ਚਰਨ ਪਾਹੁਲ ਦੀ ਰਹੁਰੀਤ ਰੱਦ ਹੋ ਗਈ ? ਅਤੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਰਸਮ ਆਵਾਗਉਣ ਹੀ ਗਈ ? ਸ ਮਿੱਤਰ ਜੀ ਚਰਨ ਪਾਹੁਲ ਦੀ ਰਹੁ ਰੀਤ ਨੂੰ ਰਦ ਕਉਣ ਕਰ ਸਕਦਾ ਹੈ, ਚਰਨ ਪਾਹੁਲ ਦੀ ਮਰਯਾਦਾ ਪ੍ਰਵਾਨ ਪੈ ਚੁਕੀ ਹੈ, ਮੰਨੀ ਪ੍ਰਮੰਨੀ ਰਹਿ ਚੁਕੀ ਹੈ । ਪ੍ਰੰਤੂ ਸਮੇਂ ਅਨੁਸਾਰ ਜਦੋਂ ਉਸ ਦੀ ਲੋੜ ਉਸ ਦੇ ਤਤਪਰ ਰੱਖਣ ਦੀ ਲੋੜ ਗੁਰੂ ਜੀ ਨੂੰ ਪ੍ਰਤੀਤ ਹੋਈ, ਤਦੋਂ ਉਹ ਰੀਤ ਅਸਥਿਰ ਅਤੇ ਪਰਚੁਰ ਰਹੀ । ਜਦੋਂ ਭੂਤ ਭਵਿਖ ਤੇ ਭਵਾਨ ਤੀਨ ਕਾਲ ਦੇ ਦਾਨੀ ਅਤੇ ਚੋਜੀ ਗੁਰੂ ਜੀ ਨੂੰ ਸਮੇਂ ਨੇ ਹੋਰ ਹੀ ਅਨੋਖੀ ਅਤੇ ਖਾਸ ਲੋੜ ਪਰਤੀਤ ਕਰਾਈ, ਤਦ ਗੁਰੂ ਜੀ ਨੇ ਚਰਨ ਘਾਲ ਦੇ ਥਾਉਂ ਖੰਡੇ ਦੇ ਅੰਮ੍ਰਿਤ ਦੀ ਰੀਤ ਪਰਚਲਤ



www.AKJ.Org

ਅਤੇ ਅਸਥਾਪਨ ਕਰ ਦਿਤੀ । ਅਤੇ ਨਾ ਹੀ ਅੰਮ੍ਰਿਤ ਦੀ ਮਰਯਾਦਾ ਪਰਚੁਰ ਹੋਣ ਕਰ, ਗੁਰੂ ਨਾਨਕ ਦੇਵ ਜੀ ਦੀ ਚਲਾਈ ਰਸਮ ਦੀ ਹਾਨੀ ਹੋਈ ਆਪ ਇਸ ਬਿਧ ਅਰੋਪ ਸਕਦੇ ਹੋ । ਹਾਨੀ ਹੋਈ ਤਦ ਜਾਣੀਏ ਜਦ ਕਿ ਹਾਨੀ ਕਰਨ ਵਾਲਾ ਕੋਈ ਹੋਰ ਦੂਸਰਾ ਹੋਵੇ । ਏਥੇ ਤਾਂ ਕਰਣ ਕਰਾਵਣਹਾਰ ਓਤ ਪੋਤ ਏਕੈ ਨਿਰੰਕਾਰ ਦੀ ਜੋਤ ਗੁਰੂ ਹੀ ਗੁਰੂ ਹੈ ਜੋ ਦਸ ਜਾਮੇ ਧਾਰ ਕੇ ਚੋਜ ਵਰਤਾ ਰਿਹਾ ਹੈ, ਆਪ ਨੂੰ ਜੋ ਗੁਰੂ ਨਾਨਕ ਦੇਵ ਅਤੇ ਗੁਰੂ ਦਸਮੇਸ ਜੀ ਦੇ ਸਰੂਪ ਵਿਖੇ ਕੋਈ ਭਿੰਨ ਭੇਦ ਭਾਸਿਆ ਹੈ, ਤਾਂ ਇਹ ਕਿਸ ਬਿਧ ਨਿਸਚਤ ਹੋ ਸਕਦਾ ਹੈ ਕਿ ਆਪ ਦੀ ਗੁਰੂ ਘਰ ਉਤੇ ਸ਼ਰਧਾ ਹੈ । ਆਪ ਗੁਰੂ ਪਦ ਦੀ ਮਹਿਮਾ ਨੂੰ ਹੀ ਨਹੀਂ ਪਰਖ ਸਕੇ । ਆਪ ਦਾ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਸਰੂਪ ਮੰਨਣ ਦਾ ਦਾਵਾ ਹੀ ਕੱਚਾ ਅਤੇ ਫੋਕਾ ਹੈ ।

ਕਿਉਂ ਜੀ, 'ਲੇਹਣੇ ਦੀ ਫੇਰਾਈਐ ਨਾਨਕ ਦੋਹੀ ਖਟੀਐ ॥ ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ' ਦੇ ਗੁਰਵਾਕ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੇ ਮਹਾਂਵਾਕ :—

"ਮਾਰਿਆ ਸਿਕਾ ਜਗਤ ਵਿਚ ਨਾਨਕ ਨਿਰਮਲ (ਖਾਲਸਾ) ਪੰਥ ਚਲਾਇਆ । ਥਾਪਿਆ ਲਹਣਾ ਜੀਵੰਦੇ ਗੁਰਿਆਈ ਸਿਰ ਛਤਰ ਫਿਰਾਇਆ । ਜੋਤੀ ਜੋਤ ਮਿਲਾਇਕੇ ਸਤਿਗੁਰ ਨਾਨਕ ਰੂਪ ਵਟਾਇਆ ।। ਲਖ ਨ ਕੋਈ ਸਕਦੀ ਆਚਰਜੇ ਆਚਰਜ ਵਿਖਾਯਾ ॥ ਕਾਯਾਂ ਪਲਟ ਸਰੂਪ ਬਣਾਇਆ ॥'

ਤਥਾ :—' ਸੋ ਟਿਕਾ ਸੋ ਛਤਰ ਸਿਰ
ਸੋਈ ਸੱਚਾ ਤਖਤ ਟਕਾਈ ॥
ਗੁਰ ਨਾਨਕ ਸੰਦੀ ਮੋਹਰ ਹੱਥ
ਅੰਗਦ ਦੀ ਦੋਹੀ ਫਿਰਾਈ ॥
ਦਿਤਾ ਛਡ ਕਰਤਾਰ ਪੁਰ
ਬੈਠ ਖਡੂਰੇ ਜੋਤਿ ਜਗਾਈ ।।"

ਇਹਨਾਂ ਵਾਕਾਂ ਦੇ ਭਾਵ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਗੁਰੂ ਰੂਪੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਜਾਮੇ ਅੰਦਰ ਪਰਵੇਸ਼ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਦੀ ਗੱਦੀ ਉਤੇ ਅਸਥਾਪਣ ਕਰ ਦਿਤਾ ਅਤੇ 'ਸਚ ਜਿ ਗੁਰ ਫੁਰਮਾਇਆ ਕਿਉਂ ਏਦੂੰ ਬੋਲਹੁ ਹਟੀਏ" ਗੁਰਵਾਕ ਦੇ ਭਾਵ ਅਨੁਸਾਰ ਜਦ ਗੁਰੂ ਨਾਨਕ ਦੇਵ ਜੀ ਨੇ, ਗੁਰੂ ਅੰਗਦ ਜੀ ਨੂ ਗੁਰੂ ਮੰਨਣ ਦਾ ਸੱਚਾ ਹੁਕਮ ਗੁਰ ਸੰਗਤਾਂ ਪ੍ਰਤੀ ਫੁਰਮਾ ਦਿਤਾ ਤਦ ਸਚਿਆਰ ਸਿਖਾਂ ਨੇ ਤਾਂ ਸਿਰ ਮਥੇ ਉਤੇ ਏਸ ਹੁਕਮ ਨੂੰ ਮੰਨ ਲਿਆ ਅਤੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਨਾਨਕ ਦੇਵ ਜੀ ਦਾ ਸਾਖਸ਼ਾਤ ਰੂਪ ਮੰਨ ਕੇ ਗੁਰੂ ਅੰਗਦ ਦੇਵ ਜੀ ਦੀ ਸਿਖੀ ਵਿਖੇ ਤਤਪਰ ਹੋ ਗਏ । ਪ੍ਰੰਤੂ "ਪੁਤਰੀ ਕੌਲ ਨਾ ਪਾਲਿਓ ਕਰ ਪੀਰਹੁ ਕੰਨ ਮੁਰਟੀਐ " ਵਾਲਾ ਅਗਲੇਰਾ ਗੁਰ-ਵਾਕ ਦਸਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਪੁਤਰਾਂ ਸ੍ਰੀ ਚੰਦ ਅਤੇ ਲਖਮੀ ਦਾਸ ਨੇ ਆਪਣੇ ਪਿਤਾ ਗੁਰੂ ਜੀ ਦਾ ਫੁਰਮਾਨ ਸਵੀਕਾਰ ਨਾ ਕੀਤਾ, ਜੈਸਾ ਕਿ ਹੋਰ ਸੰਗਤ ਨੇ ਕੀਤਾ ਸੀ ਅਤੇ ਗੁਰੂ ਅੰਗਦ ਦੇਵ ਜੀ ਨੂੰ ਪੀਰ (ਗੁਰੂ) ਕਰਕੇ ਮੰਨਣੋਂ ਕੰਨਾ (ਮੋਢਾ) ਮਰੋੜ (ਫੇਰ) ਗਏ ਜਿਸ ਦਾ ਸਿਟਾ ਕੀ ਹੋਇਆ । ਜੈਸਾ ਕਿ ਨਾਲ ਦਾ ਗੁਰਵਾਕ :-

"ਦਿਲ ਖੋਟ ਆਕੀ ਫਿਰਨ ਬੰਨਿ
ਭਾਰ ਉਚਾਇਨ ਛਟੀਐ ॥"

ਉਹ ਸਤਿਗੁਰ ਤੋਂ ਆਕੀ ਬੇਮੁਖ ਅਤੇ ਕੂੜਿਆਰ ਹੋ ਕੇ ਸੰਸਾਰ ਵਿਖੇ ਬਿਚਰਨ ਲਗੇ ਅਤੇ ਗੁਰੂ ਘਰ ਤੋਂ ਧਕੇ ਗਏ । ਕਿਉ ਕਿ ਗੁਰਾਂ ਤੋਂ ਆਕੀ ਹੋ ਕੇ ਗੁਰੂ ਦੇ ਹੁਕਮ ਰਜਾਈ ਚਲਣੋਂ ਮੁਨਕਰ ਹੋ ਕੇ, ਗੁਰੂ ਦੇ ਅਪਾਣੇ ਅੰਦਰ ਆਉਣੋਂ ਸਿਰ ਫੇਰ ਕੇ ਉਹ ਨਿਰੋ ਆਪਣੇ ਭਾਣੇ ਅੰਦਰ ਹੀ ਆਪ ਮੁਹਾਰੇ ਹੋ ਕੇ ਚਲਣ



www.AKJ.Org

ਲਗ ਪਏ ਸਨ । ਪਰ

''ਆਪਣੇ ਭਾਣੇ ਜੋ ਚਲੇ ਸੋ ਵਿਛੜ ਚੋਟਾਂ ਖਾਵੈ ।''

ਤਾਂਹੀ ਤਾਂ ਗੁਰੂ ਘਰ ਤੋਂ ਵਿਛੜ ਕੇ ਉਹਨਾਂ ਨੂੰ 'ਬਨਿ ਭਾਰ ਉਚਾਇਨ ਛਟੀਐ' ਅਹੰਕਾਰ ਬੇਮੁਖਤਾਈ ਦੇ ਭਾਰ ਦੀ ਛਟ (ਗਧੇ ਵਾਲੀ ਗੂਣ) ਸਦਾ ਲਈ ਸਿਰ ਉ ਚੁਕਣੀ ਪਈ । ਕਿਉਂ ਜੀ ! ਦੇਖਿਆ ਕੇਵਲ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਪਿਰਥਮ ਸਰੂਪ ਅਰਥਾਤ ਪਹਿਲੀ ਪਾਤਸ਼ਾਹੀ ਉਤੇ ਭਰੋਸਾ ਰਖਣ ਵਾਲਿਆਂ ਅਤੇ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਰੂਪ ਗੁਰੂ ਅੰਗਦ ਦੇਵ ਜੀ ਅਰਥਾਤ ਦੂਜੀ ਪਾਤਸ਼ਾਹੀ ਤੋਂ ਸਿਰ ਫੇਰਨ ਵਾਲਿਆਂ ਦਾ ਗੁਰੂ ਘਰ ਉਤੇ ਗੁਰੂ ਘਰ ਦੇ ਸਰੂਪ (ਵਜੂਦ) ਉਤੇ ਕੱਚਾ ਵਿਸ਼ਵਾਸ ਨਿਕਲਿਆ ਅਤੇ ਉਹਨਾਂ ਗੁਰ ਗੋਪੇ ਛੁੱਟਰ ਅਤੇ ਗੁਰ ਫਿਟਕੇ ਮੰਦ ਭਾਗੀਆਂ ਦਾ ਕੇਹਾ ਭੈੜਾ ਹਾਲ ਹੋਇਆ । ਜੈਸਾ ਕਿ ਇਸ ਪਰਥਾਇ ਉਚਰੇ ਗੁਰਵਾਕ ਤੋਂ ਨਿਰਣੈ ਹੁੰਦਾ ਹੈ ।

''ਹੋਦੈ ਪਰਤੱਖ ਗੁਰੂ ਜੋ ਵਿਛੜੇ
ਤਿਨ ਕਉ ਦਰ ਢੋਈ ਨਾਹੀ ॥
ਕੋਈ ਜਾਇ ਮਿਲੈ ਤਿਨ ਨਿੰਦਕਾਂ
ਮੁਹ ਫਿਕੇ ਥੁਕਿ ਮੁਹਿ ਪਾਈ ॥
ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ
ਫਿਟਕੇ ਨਿਤ ਭੰਭਲ ਭੂਸੇ ਖਾਹੀ ॥
ਜਿਨਿ ਗੁਰ ਗੋਪਿਆ ਆਪਣਾ
ਸੇ ਲੈਂਦੇ ਢਾਹਾਂ ਫਿਰਾਹੀ ॥
ਤਿਨ ਕੀ ਭੁਖ ਕਦੇ ਨਾ ਉਤਰੇ
ਨਿਤ ਭੁਖਾ ਭੁਖ ਕੂਕਾਹੀ ॥
ਓਨਾਂ ਦਾ ਆਖਿਆ ਕੌਣ ਸੁਣੈ
ਨਿਤ ਹਉਲੇ ਹਉਲਿ ਮਰਾਹੀ ॥
ਸਤਿਗੁਰ ਕੀ ਵਡਿਆਈ ਵੇਖ ਨ ਸਕਨੀ
ਓਨਾ ਅਗੈ ਪਿਛੈ ਥਾਉ ਨਾਹੀ ॥
ਜੋ ਸਤਿਗੁਰਿ ਮਾਰੇ ਤਿਨ ਜਾਇ ਮਿਲਹਿ
ਰਹਦੀ ਖੁਹਦੀ ਸਭ ਪਤ ਗਵਾਈ ।
ਓਇ ਅਗੈ ਕੁਸਟੀ ਗੁਰ ਕੇ ਫਿਟਕੇ
ਜਿ ਓਸ ਮਿਲੈ ਤਿਸੁ ਕਸਟੁ ਉਠਾਹੀ ॥
ਹਰਿ ਤਿਨ ਕਾ ਦਰਸਨ ਨਾ ਕਰਹੁ
ਜੇ ਦੂਜੈ ਭਾਇ ਚਿਤ ਲਾਹੀ ॥
ਧੁਰਿ ਕਰਤੈ ਆਪਿ ਲਿਖ ਪਾਇਆ
ਤਿਸ ਨਾਲਿ ਕਿਹੁ ਚਾਰਾ ਨਾਹੀ ।।'

ਜ਼ਰਾ ਧਿਆਨ ਨਾਲ ਇਸ ਵਾਕ ਦੀ ਪਹਿਲੀ ਤੁਕ ਨੂੰ ਵਿਚਾਰੋ 'ਹੋਦੈ ਪਰਤਖ ਗੁਰੂ ਜੋ ਵਿਛੜੇ' ਇਹ ਤੁਕ ਸਾਫ ਸਪਸ਼ਟ ਕਰਦੀ ਹੈ ਕਿ ਜੋ ਪੁਰਸ਼ ਕੇਵਲ ਪਛਲੇਰੇ ਗੁਰ ਜਾਮੇ ਉਤੇ ਵਿਸ਼ਵਾਸ ਰਖੇ ਅਤੇ ਵਰਤਮਾਨ ਕਾਲ ਦੇ ਹੁੰਦੇ ਹੋਏ ਗੁਰ, ਗੱਦੀ ਤੇ ਪਰਤਖਛ ਬਰਾਜਮਾਨ ਗੁਰੂ ਤੋਂ ਬੇਮੁਖ ਹੋ ਕੇ ਵਿਛੜ ਜਾਇ ॥ ਅਸ਼ਰਧਕ, ਨਿਗੁਰਾ ਨਿਖਸਮਾ ਹੋ ਜਾਇ, ਉਸ ਦੇ ਹੀ ਉਪਰ ਕਥੇ ਭੈੜੇ ਹਾਲ ਹੁੰਦੇ ਹਨ । ਉਸ ਦਾ ਪ੍ਰਿਥਮ ਗੁਰੂ ਜਾਮੇ ਵਾਲਾ ਵਿਸ਼ਵਾਹ ਉਸ ਨੂੰ ਕੀ ਤਾਰੂ ? ਉਹ ਤਾਂ ਗੁਰੂ ਘਰ ਵਲੋਂ ਫਿਟਕਾਰਿਆ ਗਿਆ ਉਸ ਦਾ ਪਿਰਥਮ ਗੁਰੂ ਜਾਮੇ ਵਾਲਾ ਵਿਸ਼ਵਾਸ਼ ਵੀ ਫੋਕਾ ਹੀ ਹੈ । ਉਹ ਗੁਰੂ ਦੇ ਸਰੂਪ ਦੀ ਮਹਿਮਾ ਤੋਂ ਹੀ ਘੁਥਾ ਹੋਇਆ ਹੈ । ਉਸ ਨੂੰ ਗੁਰੂ ਦਾ ਬੰਦਾ, ਗੁਰੂ ਘਰ ਦਾ ਉਪਾਸ਼ਕ ਗੁਰੂ ਦਾ ਸਿਖ ਕਦੇ ਨਹੀਂ ਕਹਿ ਸਕਦੇ । ਜੋ ਗੁਰੂ ਦੇ ਸਿਖ ਹਨ ਦਸਾਂ ਗੁਰੂਆਂ ਨੂੰ ਇਕੋ ਸਰੂਪ ਕਰ ਮੰਨਦੇ ਹਨ। ਉਹ ਪਹਿਲੇ ਅਤੇ ਦੂਜੇ ਅਤੇ ਪਹਿਲੇ ਅਤੇ ਦਸਵੇਂ ਗੁਰੂ ਦੇ ਜਾਮੇ ਵਿਖੇ ਰੰਚਕ ਭੇਦ ਨਹੀਂ ਮੰਨਦੇ । ਕਿਉਂ ਕਿ ਉਹਨਾਂ ਨੂੰ ਮਨ ਬਚ ਕਰਮ ਕਰਕੇ ਏਸ ਗੁਰਵਾਕ ਦਾ ਅੰਤਰੀਵ ਭਾਵ ਦ੍ਰਿੜ ਹੈ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ'' ਉਹਨਾਂ ਨੂੰ ਭਾਈ ਗੁਰਦਾਸ ਜੀ ਦੇ ਪਵਿਤਰ ਵਾਕ ਉਤੇ ਪੂਰਣ ਭਰੋਸਾ ਹੈ ਕਿ ''ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕ ਰੂਪ



www.AKJ.Org

ਵਟਾਇਆ'' ਪ੍ਰੰਤੂ "ਲਖ ਨ ਕੋਈ ਸਕਈ ਆਚਰਜੋ ਆਚਰਜ ਦਿਖਾਇਆ'' ਚੋਜੀ ਗੁਰੂ ਦੇ ਅਚਰਜ ਕੌਤਕ ਅਤੇ ਬਚਿਤਰ ਚੋਜ ਜੋ ਦਸ ਜਾਮੇ ਧਾਰ ਕੇ ਸਤਿਗੁਰ ਗੁਰੂ ਨਾਨਕ ਦੇਵ ਜੀ ਨੇ ਦਿਖਾਇ ਅਤੇ ਵਰਤਾਏ, ਇਨ੍ਹਾ ਨੂੰ ਗੁਰਸਿਖਾਂ ਬਾਝੋਂ ਹੋਰ ਕੋਈ ਨਹੀਂ ਲਖ ਸਕਦਾ। ਇਹੋ ਤਾ ਗੁਰੂ ਦੇ ਕੌਤਕ, ਚੋਜ, ਚਲਿਤ ਅਤੇ ਤਮਾਸ਼ੇ ਹਨ। ਜੋ ਗੁਰੂ ਦੀ ਮਹਿਮਾ ਅਤੇ ਵਡਿਆਈ ਕੇਵਲ ਗਰਸਿਖਾਂ ਨੂੰ ਹੀ ਸੁਖਾਂਦੀ ਹੈ। ਜੈਸਾ ਕਿ ਗੁਰਵਾਕ ਹੈ:—

'ਗੁਰਸਿਖਾਂ ਕੈ ਮਨਿ ਭਾਵੰਦੀ
ਗਰ ਸਤਿਗੁਰ ਕੀ ਵਡਿਆਈ ॥

ਜਿਨ੍ਹਾਂ ਨੇ ਗੁਰ ਸਤਿਗੁਰ ਦੇ ਸਰੂਪ ਨੂੰ ਦਸਾਂ ਜਾਮਿਆਂ ਵਿਖੇ ਇਕੋ ਕਰ ਹੀ ਨਹੀਂ ਮੰਨਿਆ ਉਹ ਕੀ ਜਾਨਣ ਗੁਰੂ ਦੀ ਮਹਿਮਾ ? ਉਹ ਕੀ ਜਾਨਣ ਗੁਰੂ ਪਦ ਦੀ ਮਹਤੱਤਾ। ਫਰ ਉਹਨਾਂ ਨੂੰ ਗੁਰੂ ਘਰ ਉਤੇ ਵਿਸ਼ਵਾਸ ਹੀ ਕੀ ਹੋ ਸਕਦਾ ਹੈ ? ਤਾਂ ਕਿਸ ਬਿਧ ਉਹ ਸਿਖ ਸਦਾ ਸਕਦੇ ਹਨ। ਜਿਹੜ ਕਹਿਣ ਕਿ ਅਸੀਂ ਤਾਂ ਗੁਰੂ ਨਾਨਕ ਦੇਵ ਜੀ ਦੇ ਹੀ ਸਿਖ ਹਾਂ ਅਤੇ ਗੁਰੂ ਦਸਮੇਸ਼ ਜੀ ਦੇ ਹੁਕਮ ਤੋਂ ਸਿਰ ਫੇਰਨ ਉਹ ਕਦਾਚਿਤ ਸਿਖ ਨਹੀਂ, ਉਹ ਗੁਰੂ ਦੋਹੀ ਪਾਪਿਸਟ, ਹਤਿਆਰੇ ਹਨ। ਉਹ ਗੁਰੂ ਨਾਨਕ ਦੇਵ ਜੀ ਤੋਂ ਹੀ ਉਕੇ ਅਤੇ ਕੋਰੇ ਬੇਮੁਖ ਹਨ। ਉਹਨਾਂ ਨੂੰ ਪਤਾ ਨਹੀਂ ਕਿ ਦਦੋਂ :—

"ਜੋਤਿ ਸਰੂਪ ਹਰਿ ਆਪਿ ਗੁਰੂ ਨਾਨਕ ਕਹਾਇਓ ॥
ਤਾਤੇ ਅੰਗਦ ਭਯਉ ਤਤ ਸਿਉ ਤਤੁ ਮਿਲਾਇਓ ॥
ਅੰਗਦਿ ਕਿਰਪਾ ਧਾਰ ਅਮਰ ਗਤਿ ਗੁਰੂ ਥਿਰ ਕੀਅਉ ॥

ਤਥਾ—"ਸੋ ਟਿਕਾ ਸੋ ਬੈਹਣਾ ਸੋਈ ਦੀਬਾਣ ॥
ਪਿਯੂ ਦਾਦੇ ਜੇਵਿਹਾ ਪੋਤਰਾ ਪ੍ਰਵਾਣ ॥"

ਗੁਰਵਾਕ ਦੇ ਭਾਵ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਅਨੁਸਾਰ :—

"ਗੁਰ ਬੈਠਾ ਅਮਰ ਸਰੂਪ ਹੋ
ਗੁਰਮੁਖ ਪਾਈ ਦਾਤ ਅਲਾਹੀ ॥
ਫੇਰ ਵਸਾਇਆ ਗੋਂਦਵਾਲ
ਅਚਰਜ ਖੇਲ ਨਾ ਲਖਿਆ ਜਾਈ ॥"

ਜਦੋਂ ਸਤਿਗੁਰੂ ਗੁਰੂ ਨਾਨਕ ਦੇਵ ਜੀ ਨੇ ਤੀਸਰਾ ਜਾਮਾ ਵਟਾਇਆ ਉਸ ਵੇਲੇ ਗੁਰੂ ਅਮਰ ਦਾਸ ਜੀ ਨੂੰ ਗੁਰ ਸਰੂਪ ਅਰਥਾਤ ਗੁਰੂ ਕਰਕੇ ਨਾ ਮੰਨਣ ਵਾਲਿਆਂ ਦਾ ਕੀ ਹਾਲ ਹੋਇਆ ਸੀ। ਜੇ ਆਪ ਨੂੰ ਚੇਤੇ ਨਾ ਹੋਵੇ ਤਾਂ ਲਓ ਆਪ ਦੇ ਚੇਤੇ ਕਰਾਈਏ ਅਗਲੇਰਾ ਗੁਰਵਾਕ ਕੀ ਕਹਿੰਦਾ ਹੈ :—

"ਧੁਰਿ ਮਾਰੇ ਪੂਰੇ ਸਤਿਗੁਰੂ
ਸੇਈ ਹੁਣ ਸਤਿਗੁਰ ਮਾਰੇ ॥
ਜੇ ਮੇਲਣ ਨੋ ਬਹੁਤੇਰ ਲੋਚੀਐ
ਨ ਦੇਈ ਮਿਲਣ ਕਰਤਾਰੇ ॥
ਸਤਿ ਸੰਗਤ ਢੋਈ ਨਾ ਲਹਿਨ
ਵਿਚਿ ਸੰਗਤ ਗੁਰਿ ਵੀਚਾਰੇ ॥
ਕੋਈ ਜਾਇ ਮਿਲੈ ਹੁਣਿ ਓਨਾ ਨੋ
ਤਿਸ ਮਾਰ ਜਮੁ ਜੰਦਰੇ ॥
ਗੁਰਿ ਬਾਬੇ ਫਿਟਕੇ ਸੇ ਫਿਟ
ਗੁਰਿ ਅੰਗਦਿ ਕੀਤੇ ਕੂੜਿਆਰੇ ॥

ਕਿਉਂ ਜੀ ਹੁਣ ਨਿਸ਼ਚਤ ਹੋਇਆ, ਕੀ ਉਹ ਗੁਰੂ ਅੰਗਦ ਦੇਵ ਜੀ ਦੇ ਅਥਵਾ ਗੁਰ ਨਾਨਕ ਦੇਵ ਜੀ ਦੇ ਸਿਖ ਸਦਾ ਸਕਦੇ ਹਨ। ਜਿਨ੍ਹਾਂ ਨੇ ਗੁਰੂ ਅਮਰ ਦਾਸ ਜੀ ਨੂੰ ਗੁਰੂ ਕਰ ਨਹੀਂ ਮੰਨਿਆ ਕਦੇ ਨਹੀਂ ! ਕਦਾਚਿਤ ਨਹੀਂ !! ਹਰਗਿਜ਼ ਨਹੀ !!! ਉਹ ਤਾਂ ਆਪ ਗੁਰੂ ਅੰਗਦ ਦੇਵ ਜੀ ਨੇ ਹੀ ਫਿਟਕਾਰ ਦਿਤੇ ਅਤੇ ਕੂੜਿਆਰ ਕਰਕੇ ਛੁਟਤ ਕਰਾਰ ਦੇ ਛਡੇ। ਫੇਰ ਜਦੋਂ, "ਅਮਰਦਾਸ ਅਮਰਤ ਛਤਰ ਗੁਰ ਰਾਮਹਿ ਦੀਅਉ' । ਤਥਾ 'ਸਤਿ-



www.AKJ.Org

ਗੁਰੂ ਪਰਤਖਿ ਹੋਂਦੈ ਬਹਿ ਰਾਜੁ ਆਪ ਟਿਕਾਈਆ ॥ ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀਂ ਪਾਇਆ ॥' ਗੁਰਵਾਕਾਂ ਦੇ ਭ਼ਾਵ ਅਨੁਸਾਰ ਅਤੇ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਮੂਜ਼ਬ :—

'ਦਿਚੈ ਪੂਰਬ ਦੇਵਣਾ
ਜਿਸ ਦੀ ਵਸਤ ਤਿਸੈ ਘਰਿ ਆਵੇ ॥
ਬੈਠਾ ਸੋਢੀ ਪਾਤਸ਼ਾਹ
ਰਾਮ ਦਾਸ ਸਤਿਗੁਰੂ ਕਹਾਵੈ ॥'

ਜਦੋਂ ਗੁਰਿਆਈ ਦੀ ਗਦੀ ਗੁਰੂ ਰਾਮਦਾਸ ਜੀ ਨੂੰ ਆਪ ਗੁਰੂ ਅਮਰ ਦਾਸ ਜੀ ਦੇ ਹਸਤ ਕਮਲਾਂ ਤੋਂ ਪਰਾਪਤ ਹੋਈ ਅਤੇ ਗੁਰੂ ਅਮਰ ਦਾਸ ਜੀ ਨੇ ਆਪਣੇ ਜੋਤੀ ਜਤਿ ਸਮਾਉਣ ਤੋਂ ਪਹਿਲਾਂ ਪਰਤਖ ਹੋਂਦੇ ਹੋਏ ਆਪਣੇ ਸਾਹਮਣੇ ਰਾਮ ਦਾਸ ਜੀ ਨੂੰ ਗੁਰ ਗੱਦੀ ਤੇ ਅਸਥਾਪਣ ਕਰਕੇ ਅਤੇ ਗੁਰਿਆਈ ਦਾ ਤਿਲਕ ਦੇ ਕੇ ਆਪਣੇ ਸਿਖਾਂ, ਆਪਣੀ ਸੰਗਤ ਆਪਣੇ ਬੰਧਪਾਂ ਅਤੇ ਗੁਰਿਆਈ ਦਾ ਤਿਲਕ ਦੇ ਕੇ ਆਪਣੇ ਸਪੁਤਰਾਂ ਨੂੰ ਗੁਰੂ ਰਾਮਦਾਸ ਜੀ ਦੇ ਪੈਰੀਂ ਪੁਆ ਕੇ ਉਹਨਾਂ ਪਾਸੋਂ ਗੁਰ ਰਾਮਦਾਸ ਜੀ ਦੀ ਈਨ ਮੰਨਵਾਈ ਅਤੇ ਚੌਥੇ ਪਾਤਸ਼ਾਹ ਨੂੰ ਉਹਨਾਂ ਪਾਸੋਂ ਤਸਲੀਮ ਕਰਵਾਇਆ। ਤਦੋਂ 'ਸਤਿਗੁਰ ਪੁਰਖ ਜਿ ਬੋਲਿਆ ਗੁਰਸਿਖਾਂ ਮਨ ਲਈ ਰਜਾਇ ਜੀਉ' ਗਰਵਾਕ ਦੇ ਭਾਵ ਅਨੁਸਰ ਜਿਹੜੇ ਤਾਂ ਗੁਰੂ ਦੇ ਸਿਖ ਸਨ, ਉਹਨਾਂ ਨੇ ਤਾਂ ਜੋ ਕੁਛ ਗੁਰ ਅਮਰ ਦਾਸ ਤੀਜੀ ਪਾਦਸ਼ਾਹੀ ਨੇ ਹੁਕਮ ਦਿਤਾ, ਸਤ ਕਰਕੇ ਅਤੇ ਰਾਜ਼ੀ ਹੋ ਕੇ ਮੰਨ ਲਿਆ ਅਤੇ ਹੁਕਮ ਰਜਾਈ ਚਲਣ ਵਾਲਾ ਅਤੇ ਗੁਰੂ ਕੇ ਭਾਣੇ ਅੰਦਰ ਆਉਣ ਵਾਲਾ ਸੱਚਾ ਵਤੀਰਾ ਬੀਬੇ ਗੁਰਸਿਖਾਂ ਵਤ ਸਿਰ ਮੱਥੇ ਮੰਨ ਕੇ ਵਰਤ ਕੇ ਪੂਰਾ ਕਰ ਦਿਖਾਇਆ। ਪ੍ਰੰਤੂ "ਕੋਈ ਕਰ ਬਖੀਲੀ ਜੇ ਨਿਵੈ ਨਾਹੀਂ ਫਿਰ ਸਤਿਗੁਰੂ ਆਣਿ ਨਿਵਾਇਆ" ਦਾ ਗੁਰਵਾਕ ਦਸਦਾ ਹੈ ਕਿ ਜਿਸ ਨੇ ਸਤਿਗੁਰੂ ਗੁਰੂ ਰਾਮਦਾਸ ਸੇਤੀ ਗਣਤ ਰਖੀ ਅਤੇ ਤਾਤਪਰਾਈ ਵਾ ਬਖੀਲੀ ਹਿਰਦੇ ਵਿਖੇ ਰਖ ਕੇ ਗੁਰੂ ਰਾਮਦਾਸ ਜੀ ਦੇ ਅਗੇ ਨਿਵਣੋ ਅਰਥਾਤ ਗੁਰੂ ਰਾਮ ਦਾਸ ਜੀ ਨੂੰ ਗੁਰੂ ਕਰਕੇ ਮੰਨਣੋਂ ਸਿਰ ਫੇਰਿਆ ਅਤੇ ਸੰਕੋਚ ਕੀਤੀ ਓਸ ਨੂੰ ਗੁਰੂ ਅਮਰ ਦਾਸ ਜੀ ਨੇ ਨੀਵਾਂ, ਨਿਤਾਣਾ, ਨਿਮੋਝੂਣਾ, ਖਸਤਾ ਖੁਆਰ ਅਤੇ ਜ਼ਲੀਲ ਕਰਕੇ ਬਹੁੜ ਗੁਰੂ ਰਾਮ ਦਾਸ ਜੀ ਦੇ ਅਗੇ ਨਿਵਾਇਆ। ਅਜੇ ਭੀ ਜਿਹੜੇ ਢੀਠ ਮਨਮੁਖ ਗੁਰੂ ਅਮਲ ਦਾਸ ਜੀ ਦੇ ਸਿਖ ਸੰਪਰਦਾ ਆਪ ਨੂੰ ਸਦਵਾ ਕੇ ਗੁਰੂ ਰਾਮ ਦਾਸ ਜੀ ਉਤੇ ਗੁਰ ਤੀਜੀ ਪਾਤਸ਼ਾਹੀ ਤੋਂ ਬਿਨਾਂ ਹੋਰਸ ਗੁਰੂ ਪਾਤਸ਼ਾਹੀ ਨੂੰ ਗੁਰੂ ਕਰਕੇ ਨ ਜਾਨਣਾ। ਕੀ ਉਹ ਗੁਰੂ ਕੇ ਸਿਖ ਕਹੇ ਜਾ ਸਕਦੇ ਹਨ ਕਦਾਚਿਤ ਨਹੀਂ। ਉਹ ਤਾਂ ਗੁਰੂ ਤੀਜੀ ਪਾਤਸ਼ਾਹੀ ਗੁਰੂ ਅਮਰ ਦਾਸ ਜੀ ਦੇ ਹੁਕਮਾਂ ਦੇ ਹੀ ਵਿਰੋਧੀ ਹਨ!

ਸਿਖ ਸਿਰਫ ਉਸ ਪੁਰਸ਼ ਦਾ ਨਾਮ ਹੈ ਜੋ ਹੁਕਮ ਰਜਾਈ ਚਲੇ ਜਦ ਗੁਰੂ ਅਮਰ ਦਾਸ ਜੀ ਦਾ ਇਹ ਅਮਿਟ ਅਤੇ ਅਗਾਧ ਬੋਧ ਅਮਰ ਵਰਤ ਚੁਕਾ ਹੈ ਕਿ "ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪਿ ਰਖਿਅ" ਫੇਰ ਕਿਸ ਦੀ ਮਜਾਲ ਹੈ ਕਿ ਹੁਕਮ ਤੋਂ ਸਿਰ ਫੇਰੇ। ਬਸ ਸਿਰ ਫੇਰਨ ਵਾਲਾ ਅਸਿਖ ਹੈ ਸਿਖ ਹੀ ਨਹੀਂ, ਜਦ ਉਹ ਉਸ ਗੁਰੂ ਦੇ ਹੁਕਮ ਤੋਂ ਆਕੀ ਹੋਇਆ ਬੈਠਾ ਹੈ, ਜਿਸ ਦਾ ਕਿ ਉਹ ਕੜੇ ਦਾਵੇ ਨਾਲ (ਪ੍ਰੰਤੂ ਕੂੜਾਵੇ ਦਾਵੇ ਨਾਲ) ਆਪਣੇ ਆਪ ਨੂੰ ਸਿਖ ਸਦਵਾਉਂਦਾ ਹੈ। ਤਦ ਉਹ ਉਪਰੰਤ ਪਾਦਸ਼ਾਹੀਆਂ ਅਰਥਾਤ ਗੁਰੂ ਰਾਮ ਦਾਸ ਜੀ ਤੋਂ ਲੈ ਕੇ ਸ੍ਰੀ ਦਸਮੇਸ਼ ਜੀ ਤਾਈ ਛੇਆਂ ਹੀ ਪਾਦਸ਼ਾਹੀਆਂ ਦੇ ਹੁਕਮ ਨੂੰ ਮੰਨਣ ਦੀ ਕੀ ਪਰਵਾਹ ਕਰ ਸਕਦਾ ਹੈ। ਅਤੇ ਉਸ ਦਾ ਮੰਨਣਾ ਨਾ ਮੰਨਣਾ ਹੈਸੀਅਤ ਕੀ ਰਖਦਾ ਹੈ। ਜਦ ਕਿ



www.AKJ.Org

ਉਹ ਕੋਰਾ ਅਸਿਖ ਅਤੇ ਆਪਣੇ ਮੰਨੇ ਪਰਮੰਨੇ ਗੁਰਦੇਵ ਤੋਂ ਹੀ ਬੇਮੁਖ ਹੈ। ਗੁਰੂ ਦੇ ਸਿਖ ਉਦੋਂ ਭੀ ਅਤੇ ਹੁਣ ਤਾਈਂ ਭੀ ਗੁਰੂ ਰਾਮਦਾਸ ਜੀ ਨੂੰ ਗੁਰੂ ਸਰੂਪ ਅਤੇ ਗੁਰੂ ਦੇ ਦਸ ਜਾਮਿਆਂ ਵਿਖੇ ਓਤ ਪੋਤ ਹੋ ਕੇ ਮਿਲੀ ਹੋਈ ਆਦਿ ਅੰਤ ਲੈ ਕੇ ਅਵਤਰੀ ਹੋਈ ਅਕਾਲੀ ਜੋਤ ਕਰਕੇ ਮੰਨਦੇ ਅਤੇ ਨਮਸਕਾਰਦੇ ਹਨ। ਜੈਸੇ ਕਿ ਇਨ੍ਹਾਂ ਗੁਰਵਾਕਾਂ ਦਾ ਭਾਵ ਆਯਾ ਹੈ :—

'ਧੰਨੁ ਧੰਨੁ ਰਾਮਦਾਸ ਗੁਰੂ
ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ ॥
ਸਿਖੀ ਅਤੈ ਸੰਗਤੀ ਪਾਰਬ੍ਰਹਮ
ਕਰ ਨਮਸਕਾਰਿਆ ॥
ਅਟਲੁ ਅਥਾਹੁ ਅਤੋਲੁ ਤੂੰ
ਤੇਰਾ ਅੰਤ ਨਾ ਪਾਰਾਵਾਰਿਆ ॥
ਜਿਨੀ ਤੂੰ ਸੇਵਿਆ ਭਾਉ ਕਰਿ
ਸੇ ਤੁਧੁ ਪਾਰਿ ਉਤਾਰਿਆ ॥
ਲਬੁ ਲੋਭੁ ਕਾਮੁ ਕਰੋਧੁ ਮੋਹ
ਮਾਰਿ ਕਢੇ ਤੁਧੁ ਸਪਰਵਾਰਿਆ ॥
ਧੰਨੁ ਸੁ ਤੇਰਾ ਥਾਨ ਹੈ
ਸਚੁ ਤੇਰਾ ਪੈਸਕਾਰਿਆ ॥
ਨਾਨਕ ਤੂੰ ਲਹਣਾ ਤੂੰ ਹੈ
ਗੁਰੂ ਅਮਰ ਤੂੰ ਵੀਚਾਰਿਆ ॥
ਗੁਰ ਡਿਠਾ ਤਾਂ ਮੰਨ ਸਾਧਾਰਿਆ ॥'

ਫੇਰ ਜਦੋਂ ਅਨੇਕ ਗੁਰਵਾਕ ਪੁਕਾਰ ਪੁਕਾਰ ਇਸ ਬਿਧ ਉਚਾਰਦੇ ਹਨ ਕਿ :—

"ਗੁਰ ਨਾਨਕਿ ਅੰਗਦ ਵਰਯਉ
ਗੁਰ ਅੰਗਦ ਅਮਰ ਨਿਧਾਨੁ ॥
ਗੁਰਿ ਰਾਮ ਦਾਸ ਅਰਜਨ ਵਰਯਉ
ਪਾਰਸ ਪਰਸ ਪਰਮਾਣੁ ॥'

ਤਥਾ - 'ਮੂਰਤ ਪੰਚ ਪ੍ਰਮਾਣ ਪੁਰਖ
ਗੁਰ ਅਰਜਨ ਪਿਖਹੁ ਨਯਣ ॥'

ਤਥਾ —'ਗੁਰਿ ਅਰਜਨੁ ਸਿਰਿ ਛਤਰ
ਆਪਿ ਪਰਮੇਸਰਿ ਦੀਅਉ ॥'

ਪੁਨਾ— 'ਚਾਰੇ ਜਾਗੇ ਚਹੁ ਜੁਗੀ
ਪੰਚਾਇਣ ਆਪੇ ਹੋਆ ॥......
ਤਖਤਿ ਬੈਠਾ ਅਰਜਨ ਗੁਰੂ
ਸਤਿਗੁਰ ਕਾ ਖਿਵੈ ਚੰਦੋਆ ॥'

ਤਦ ਫੇਰ 'ਜਿਨੀ ਨ ਸੇਵਿਓ ਮਨਮੁਖਾਂ ਪਇਆ ਮੁੰਆਂ'ਦੇ ਨਾਲ ਦਾ ਗੁਰਵਾਕ ਹੀ ਸਾਫ ਨਿਤਾਰ ਕੇ ਦਸਦਾ ਹੈ ਕਿ ਗੁਰਸਿਖਾਂ ਦੇ ਮੰਨੇ ਪਰਮੰਨੇ ਗੁਰੂ ਅਰਜਨ ਦੇਵ ਸ੍ਰੀ ਸਤਿਗੁਰੂ ਜਗਤ ਗੁਰ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਜਿਹੜਾ ਪੂਰਨ ਭਾਉ ਭਾਉਣੀ ਸਹਿਤ ਗੁਰੂ ਕਰਕੇ ਨਹੀਂ ਮੰਨਦੇ, ਉਹ ਮਨਮੁਖ ਹਨ ਗੁਰੂ ਦੇ ਸੇਵਕ ਨਹੀਂ। ਅਤੇ "ਜੋ ਬਿਨੁ ਗੁਰ ਸੇਵੇ ਖਾਂਦੇ ਪੈਨਦੇ ਸੋ ਮੋਇ ਮਰ ਜਨਮੇ ਕੋੜੇ" ਵਾਲਾ ਗੁਰ ਪਰਮਾਣ ਠੀਕ ਹੈ ਉਹਨਾਂ ਦੇ ਪ੍ਰਥਾਇ ਹੀ ਘਟਦਾ ਹੈ। ਅਤੇ ਤਿੰਨਾ ਨੂੰ ਹੀ ਭਾਈ ਗੁਰਦਾਸ ਜੀਨੇ ਵਾਰ ਨੰ:੩੭ ਅੰਦਰ ਮੀਣੇ ਕਹਿਕੇ ਕੋਸਿਆ ਅਤੇ ਫਿਟਕਾਰਿਆ ਹੈ। ਸੰਸਾਰ ਭਰ ਦੇ ਮਨਮੁਖੀ ਮੀਣਿਆਂ ਨੂੰ ਇਹ ਸਦੀਵ ਦਾ ਸਰਾਫ ਦਿਤਾ ਹੈ ਕਿ "ਮੁਢਹੁ ਘੁਥਹੁ ਮੀਣਿਆਂ ਤੁਧ ਜਮ ਪੁਰ ਜਾਣਾ" ਅਤੇ ਸਰਬ ਸੁਚਿਆਰ ਸਿਖਾਂ ਪਰਤੀ ਮੀਣਿਆਂ ਦੇ ਕੁਸੰਗ ਤੋਂ ਬਚਣ ਲਈ ਇਸ ਬਿਧ ਸਨਸੁਖ ਉਪਦੇਸ਼ ਰੂਪੀ ਸਮਝੌਤਾ ਦਿਤਾ ਹੈ :—

"ਖੋਟੀ ਸੰਗਤ ਮੀਣਿਆ ਦੁਖ ਦੇਂਦੀ ਮਿਤੈ ॥"

ਤਥਾ—"ਰਲੇ ਜੇ ਸੰਗਤ ਮੀਣਿਆਂ
ਉਨ ਚਲੇ ਨਿਰਾਸਾ ॥"

ਪਨਾ—'ਕਿਆ ਨੀਸਾਣੀ ਮੀਣਿਆਂ ਖੋਟਸਾਲੀ ਸਿਕੈ ॥'



www.AKJ.Org

ਸਿਰ ਸਿਰ ਪਾਹਣਾ ਮਾਰੀਅਨ ਓਇ ਪੀਰ ਫਿਟਿਕੇ ॥'' ਇਸ ਆਸ਼ੇ ਨੂੰ ਮੁਖ ਰਖ ਕੇ ਭੂਤ ਭਵਿਖ ਦੇ ਦਾਨੀ ਅਤੇ ਅੰਤ੍ਰਯਾਮੀ ਸਤਿਗੁਰ ਗੁਰੂ ਦਸਮੇਸ਼ ਜੀ ਨੇ ਸਿਖਾਂ ਪਰਤੀ ਸਾਫ਼ ਸਾਫ਼ ਇਹ ਹੁਕਮ ਸੀਨਾ ਬਸੀਨਾ ਕਹਿ ਸੁਣਾਇਆ ਹੈ ਕਿ "ਮੀਣੇ ਮਸੰਦ ਦਾ ਵਿਸਾਹ ਨਹੀਂ ਕਰਨਾ" ਕੀ ਅਜਿਹੇ ਗੁਰ ਦੋਹੀ ਵਿਸ਼ਵਾਸ ਘਾਤੀ, ਮਨਮੁਖ, ਮੀਣੇ ਅਤੇ ਮੀਣਿਆਂ ਨਾਲ ਮੇਲ ਮਿਲਾਪ ਰਖਣ ਵਾਲੇ ਅਜੇ ਭੀ ਸਿਖ ਸਦਾ ਸਕਦੇ ਹਨ ਕਦਾਚਿਤ ਨਹੀਂ। ਉਹਨਾਂ ਨੂੰ ਸਿਖ ਕਹਿਣਾ ਹੀ ਮਹਾਂ ਮਨਮਤ ਹੈ। ਫੇਰ ਜਦੋਂ ਭਾਈ ਗੁਰਦਾਸ ਜੀ ਦੇ ਇਸ ਮਹਾਂਵਾਕ ਦੇ ਭਾਵ ਅਨੁਸਾਰ "ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ" ਗੁਰੂ ਅਰਜਨ ਦੇਵ ਜੀ ਪੰਜਵੇਂ ਪਾਦਸ਼ਾਹ ਤੋਂ ਛੇਵੇਂ ਪਾਦਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਗੁਰਿਆਈ ਮਿਲੀ। ਤਦ ਜੇ ਉਸ ਸਮੇਂ ਦੇ ਸਿਖ ਇਹ ਆਖਦੇ ਕਿ ਅਸੀਂ ਤਾਂ ਕੇਵਲ ਪੰਜਵੀਂ ਪਾਦਸ਼ਾਹੀ ਤਾਈਂ ਹੀ ਗੁਰੂ ਗੱਦੀ ਮੰਨਣਾ ਹੈ ਅਗਾੜੀ ਨਹੀਂ ਮੰਨਣਾ, ਤਾਂ ਕੀ ਉਹ ਧੀਰਮਲੀਆਂ ਅਤੇ ਰਾਮ-ਰਾਈਆਂ ਵਾਂਗ ਗੁਰੂ ਸਰਾਫੇ ਸਿਖ ਨਹੀਂ ਸਮਝੇ ਜਾਣਗੇ? ਗਲ ਕੀ ਏਸੇ ਸਿਲਸਲੇ ਅਨੁਸਾਰ ਅਜ ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮਾਂ ਤੋਂ ਸਿਰ ਫੇਰਨ ਵਾਲੇ ਆਪਣੇ ਆਪ ਨੂੰ ਸਿਖ ਸਦਾ ਸਕਦੇ ਹਨ? ਕਦਾਚਿਤ ਨਹੀਂ। ਹਾਂ ਕਥਨੀ ਮਾਤਰ ਇਸੀ ਗਲ ਨੂੰ ਸਾਰੇ ਸਜਣ ਕਹਿ ਦੇਣਗੇ ਕਿ ਅਸੀਂ ਸ੍ਰੀ ਗੁਰੂ ਦਸਮੇਸ਼ ਜੀ ਨੂੰ ਗੁਰੂ ਸਰੂਪ ਮੰਨਦੇ ਹਾਂ। ਪ੍ਰੰਤੂ ਅਜਿਹੇ ਸਜਣਾਂ ਦੀ ਅਜਿਹੀ ਫੋਕਟ ਕਥਨੀ ਕੀ ਅਸਰ ਅਤੇ ਹੈਸੀਅਤ ਰਖ ਸਕਦੀ ਹੈ ਜਦ ਕਿ ਸ੍ਰੀ ਦਸਮੇਸ਼ ਜੀ ਦੇ ਹੁਕਮੀ ਬੰਦੇ ਨਹੀਂ ਬਣੇ ਅਤੇ ਸ੍ਰੀ ਦਸਮੇਸ਼ ਪਰਚਰ ਕੀਤੀ ਮਰਯਾਦਾ ਅਨੁਸਾਰ ਸਿਖ ਨਹੀਂ ਸਜੇ।

ਜੋ ਅਜੇ ਤੀਕਰ ਉਹ ਇਸ ਪਵਿਤਰ ਮਰਯਾਦਾ ਅੰਮ੍ਰਿਤ ਦੁਆਰਾ ਖੰਡੇ ਦੇ ਅੰਮ੍ਰਿਤ ਦਵਾਰਾ ਸਿਖ ਸਜਾਉਣ ਵਾਲੀ ਮਰਯਦਾ ਦੇ ਧਾਰਨ ਕਰਨੋਂ ਢਿਲੇ ਹਨ। ਤਾਂ ਉਨ੍ਹਾਂ ਨੂੰ ਸਿਖ ਸਦਾਉਣ ਦਾ ਅਧਿਕਾਰ ਹੀ ਕੀ ਹੈ? ਕਿਉਂ ਕਿ 'ਸੋ ਸਿਖ ਸਖਾ ਬੰਧਪ ਹੈ ਭਾਈ ਜੋ ਗੁਰ ਕੇ ਭਾਣੇ ਵਿਚ ਆਵੇ।'

ਗੁਰੂ ਨਾਨਕ ਦੇਵ ਜੀ ਦਸਵੇਂ ਜਾਮੇ ਅੰਦਰ ਸੰਸਾਰੀਆਂ ਨੂੰ ਸਿਖ ਸਜਾਉਣ ਦਾ ਭਾਣਾ ਬਿਧ ਵਰਤ ਗਿਆ ਹੈ। ਬਸ ਜੋ ਪ੍ਰਾਣੀ ਇਸ ਗੁਰੂ ਵਰਤਾਏ ਭਾਣੇ ਅੰਦਰ ਆਵੇਗਾ, ਸੋਈ ਸਿਖ ਸਦਾਵੇਗਾ। ਕਿਉਂ ਕਿ ਜੇ ਉਹ ਆਪਣੇ ਭਾਣੇ ਅੰਦਰ ਚਲਣ ਕਰ ਵਿਛੜੀ ਚੋਟਾਂ ਖਾਇਗਾ। ਉਸ ਦਾ ਇਹ ਕਹਿਣਾ ਕਿ ਮੈਂ ਸਿਖ ਸਜਣ ਦੇ ਚਰਣਾਮ੍ਰਿਤ ਵਾਲੀ ਮੂਲ ਮਰਯਾਦਾ ਦਾ ਧਾਰਣੀ ਹੋਣ ਕਰਕੇ ਸਿਖ ਹਾਂ। ਨਿਰਾ ਹੀਲਾ ਹਵਾਲਾ ਤੇ ਕੂੜਾਵਾ ਬਹਾਨਾ ਹੈ। ਅਸੀਂ ਪੁਛਦੇ ਹਾਂ ਕਿ ਅਜਿਹੇ ਬਹਾਨਾ ਸਾਜ਼ ਅਤੇ ਹੀਲਾ ਸਾਜ਼ ਸਿਖ ਨੇ ਚਰਣਾਮ੍ਰਿਤ ਕਿਥੇ ਪ੍ਰਾਪਤ ਕੀਤਾ ਜਦ ਕਿ ਦੇਹਧਾਰੀ ਗੁਰੂ ਸਿਲਸਿਲਾ ਹੀ ਸ੍ਰੀ ਦਸਮੇਸ਼ ਜੀ ਨਬੇੜ ਚੁਕੇ ਹਨ ਅਤੇ ਦੇਹਧਾਰੀ ਗੁਰੂ ਬਿਨਾ ਚਰਨ ਪਾਹੁਲ ਨਹੀਂ ਪਰਾਪਤ ਹੋ ਸਕਦੀ। ਤਾਂ ਤੇ ਸਾਫ ਸਿਧ ਹੈ ਕਿ ਉਹ ਸ੍ਰੀ ਦਸਮੇਸ਼ ਜੀ ਦੇ ਥਾਪੇ ਗੁਰੂ ਗਰੰਥ ਸਾਹਿਬ ਜੀ ਤੋਂ ਬੇਮੁਖ ਅਤੇ ਆਕੀ ਹੋ ਕੇ ਅਲਪਗ ਅਤੇ ਪਰਪੰਚੀ ਵਾ ਪਖੰਡੀ ਦੇਹਧਾਰੀ ਗੁਰੂਆਂ ਦੇ ਉਪਾਸ਼ਕ ਹਨ। ਜੋ ਗੁਰਸਿਖੀ ਤੋਂ ਬੇਮੁਖ ਹੋਣ ਦਾ ਮੁਖ ਸਬੂਤ ਹੈ। ਬੜੇ ਅਸਚਰਜ ਵਾਲੀ ਗਲ ਇਹ ਹੈ ਕਿ ਗੁਰੂ ਦੇ ਸਿਖ ਤੋਂ ਗੁਰਸਿਖੀ ਨੂੰ ਅੰਮ੍ਰਿਤ ਮਰਯਾਦਾ ਦੁਆਰ ਧਾਰਨ ਕਰ ਚੁਕੇ ਸਿਖ ਤਾਂ ਪਤਤ ਕਰਮਾਂ ਵਿਚੋਂ ਕਿਸੇ ਇਕ ਕੁਰਹਿਤ ਕਰਨ ਕਰਕੇ ਗੁਰੂ ਦਸਮੇਸ਼ ਜੀ ਦੇ ਹੁਕਮ ਅਨੁਸਾਰ ਗੁਰਸਿਖੀ ਤੋਂ ਖਾਰਜ ਅਤੇ ਪਤਿਤ ਗਰਦਾਨੇ ਜਾਣ। ਪਰ ਗੁਰਸਿਖੀ ਨੂੰ ਧਾਰਨ ਕੀਤੇ ਬਗੈਰ ਜੋ ਪੁਰਸ਼ ਸੁਤੇ ਸਿਧ ਹੀ ਉਕਤ ਪਤਤ ਕਰਮਾਂ


www.AKJ.Org

ਵਿਚੋਂ ਕਿਸੇ ਇਕ ਅਧਕ ਕੁਕਰਮ ਕਰਕੇ ਪਤਤ ਕਰਮੀ ਹੋਣ, ਉਹ ਖਰੇ ਖਾਸੇ ਸਿਖ, ਬਣੇ ਤਣੇ ਸਿਖ ਆਪਣੇ ਆਪ ਨੂੰ ਸਦਾਉਂਦੇ ਫਿਰਨ। ਜੋ ਅੰਮ੍ਰਿਤ ਦੀ ਪਵਿਤਰ ਮਰਜਾਦਾ ਅਨੁਸਾਰ ਸਿਖੀ ਤੋਂ ਪਤਤ ਹਨ ਪਰ ਜਿਹੜਾ ਉਕਤ ਮਰਯਾਦਾ ਦੁਆਰਾ ਸਿਖ ਸਜੇ ਬਿਨਾਂ ਕੇਸਾਂ ਨੂੰ ਨਿਤ ਪ੍ਰਤ ਕਟਾਉਣ ਵਾਲਾ ਮੋਨ ਘੋਨ ਸਿਰ ਗੁੰਮ ਸਿਰ ਘਸਾ ਹੋਵੇ, ਉਹ ਸਾਵਾਂ ਸਿਖ, ਜਿਹੜਾ ਤਾਂ ਅੰਮ੍ਰਿਤ ਛਕ ਕੇ ਬਿਖਿਆ ਧਾਣ ਕਰ ਲਵੇ ਉਹ ਤਾਂ ਸਿਖ ਤੋਂ ਪਤਤ ਹੈ। ਪਰ ਜਿਹੜਾ ਅੰਮ੍ਰਿਤ ਛਕੇ ਬਿਨਾਂ ਅਤੇ ਮਰਯਾਦਾ ਪੂਰਬਕ ਸਿਖੀ ਧਾਰਨ ਕੀਤੇ ਬਿਨਾਂ ਨੜੀਮਾਰ ਅਤੇ ਬਿਖਿਆ ਦਾ ਪੁੰਜ ਹੋਵੇ, ਉਹ ਤਾਂ ਭੀ ਸਿਖ ਦਾ ਸਿਖ। ਅਸਚਰਜ ਵਹਿਣ ਵਗਿਆ ਹੋਇਆ ਹੈ, ਕਿ ਇਹ ਸਿਖੀ ਨੂੰ ਹੀ ਬਸੇਖ ਹੈ। ਕਿ ਸਿਖ ਸਜ ਕੇ ਹੀ ਉਕਤ ਪਤਤ ਕਰਮ ਉਸ ਨੂੰ ਮੁੰਹਦੇ ਹਨ। ਐਵੇਂ ਨਹੀਂ ? ਇਹ ਅੰਮ੍ਰਿਮ ਛਕਣਾ ਅਤੇ ਸਿਖੀ ਦਾ ਧਾਰਨ ਕਰ ਲੈਣਾ ਨਾ ਹੋਇਆ, ਕੋਈ ਕਸੂਰ ਬੈਠਣਾ ਅਤੇ ਲੀਕ ਲਾ ਬੈਠਣਾ ਹੋਇਆ। ਜਿਸ ਕਰਕੇ ਅੰਮ੍ਰਿਤ ਦੀ ਪਵਿਤ੍ਰ ਮਰਯਾਦਾ ਦੁਆਰਾ ਗੁਰਸਿਖੀ ਧਾਰਨ ਹੀ ਨ ਕੀਤੀ ਹੋਵੇ। ਉਹ ਚਾਹੇ ਸਾਰਾ ਤੇ ਮੂਲੋਂ ਮੁਢੋਂ ਹੀ ਪਤਤ ਕਰਮੀ ਹੋਵੇ। ਪਰ ਫੇਰ ਭੀ ਸਿਖ ਦਾ ਸਿਖ। ਪਤਤ ਕਰਮਾਂ ਦਾ ਪੁੰਜ ਕਰਮੀਂ ਭੀ ਉਹ ਪਤਤ ਅਖਵਾਉਣ ਦਾ ਭਾਗੀ ਨਹੀਂ। ਕੈਸੀ ਕਮਫਹਿਮੀ ਹੈ। ਪਤਤ ਕਰਮੀ ਪੁਰਸ਼, ਸਿਖ ਸਦਾ ਹੀ ਨਹੀਂ ਸਕਦਾ। ਭਾਵੇਂ ਸਿਖ ਸਜ ਕੇ ਪਤਤ ਕਰਮੀ ਹੋ ਗਿਆ ਹੋਵੇ, ਭਾਵੇਂ ਸੁਤੇ ਪਤਤ ਕਰਮੀ ਹੋਵੇ। ਅਤੇ ਜਿਸ ਨੇ ਸਿਖੀ ਧਾਰਨ ਨਹੀਂ ਕੀਤੀ। ਜੋ ਅਜ ਅਸਿਖ ਹੈ ਉਹ ਤਾਂ ਹੈ ਹੀ ਪਤਤ ਕਰਮੀ। ਅਸਿਖ ਦੇ ਅਰਥ ਹੀ ਪਤਤ ਕਰਮੀ ਦੇ ਹਨ। ਸੁਤੇ ਗਿਆਨ ਤਾਂ ਉਸ ਨੂੰ ਹੋਣੋਂ ਹੀ ਰਿਹਾ। ਨਿਗੁਰਾ, ਗੁਰਮੰਤਰ ਹੀਣਾਂ, ਗਰ ਦੀਖਛਾ ਤੋਂ ਊਣਾ ਹੋਣ ਕਰਕੇ ਉਹ ਭਰਿਸ਼ਟ ਕਿਰਿਆ ਵਾਲਾ ਕੁਕਰਮੀ ਪੁਰਸ਼ ਹੈ, ਯਥਾ ਗੁਰਵਾਕ ਹੈ :—

'ਗੁਰਮੰਤ੍ਰ ਹੀਣਸਯ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ, ਸੂਕਰਹ, ਗਰਧਭਹ,
ਕਾਕਹ, ਸਰਪਨਹ, ਤੁਲਿ ਖਲਹ ॥''

ਵੇਖਿਆ ਗੁਰਬਾਣੀ ਦੁਆਰਾ ਗੁਰ ਹੁਕਮਾਂ ਦੁਆਰਾ ਅਸਿਖ, ਅਨਾੜੀ ਨਿਗੁਰੇ ਪੁਰਸ਼, ਨੂੰ ਬਿਸਟਾ ਖੋਰੇ ਪਸ਼ੂ ਪੰਖੀਆਂ ਦੀ ਤੁਲਨਾ ਵਾਲੀ ਪਦਵੀ ਪ੍ਰਾਪਤ ਹੈ। ਏਥੇ ਏਸ ਹੁੱਜਤ ਕਰਨ ਦੀ ਗੁੰਜਾਇਸ਼ ਹੀ ਨਹੀਂ ਕਿ ਕੀ ਅੰਮ੍ਰਿਤ ਛਕੇ ਬਿਨਾਂ ਪ੍ਰਾਣੀ ਨੂੰ ਗੁਰ ਮੰਤ੍ਰ ਪ੍ਰਾਪਤ ਨਹੀਂ ਹੋ ਸਕਦਾ, ਜਦ ਕਿ ਅੰਮ੍ਰਿਤ ਛਕੇ ਬਿਨਾਂ ਸਿਖ ਹੀ ਨਹੀਂ ਹੋ ਸਕਦਾ ਅਤੇ ਬਣ ਸਕਦਾ। ਅਤੇ ਅਸਿਖ ਨੂੰ ਗੁਰਮੰਤਰ ਦੀ ਪਰਾਪਤੀ ਕਿਥੋਂ, ਜਦ ਤਾਈਂ ਉਹ ਗੁਰੂ ਦਾ ਨਾ ਬਣ ਜਾਵੇ। ਗੁਰੂ ਅਗੇ ਸੀਸ ਭੇਟਾ ਨਾ ਕਰ ਦੇਵੇ ਅਤੇ ਗੁਰੂ ਕੇ ਹੁਕਮ ਰਜਾਈ ਚਲਣ ਵਾਲਾ ਗੁਰੂ ਦਾ ਹੁਕਮੀ ਬੰਦਾ ਨ ਬਣ ਜਾਵੇ। ਅਜ ਕਲ ਲੋਕਾਂ ਨੇ ਗੁਰਮੰਤਰ ਦਾ ਲੈਣਾ, ਅਤੇ ਸਿਖ ਬਣ ਬੈਠਣਾ ਇਕ ਮਖੌਲ ਸਮਝ ਛਡਿਆ ਹੈ। ਜੈਸਾ ਕਿ ਬਹੁਤ ਸਾਰੇ ਪਰਪੰਚੀ ਪੁਰਸ਼ਾਂ ਨੇ ''ਕੰਨਾ ਬਾਤੀ ਕੁਰੱ, ਤੂੰ ਮੇਰਾ ਸਿਖ ਤੇ ਮੈਂ ਤੇਰਾ ਗੁਰ' ਵਾਲਾ ਪਰਪੰਚ ਰਚ ਕੇ ਲੋਕਾਂ ਨੂੰ ਆਪਣਾ ਸਿਖ ਬਨਾਉਣਾ ਅਤੇ ਮੰਤਰ ਦੇ ਕੇ ਪਰਚਾਉਣਾ ਇਕ ਖੇਡ ਹੀ ਬਣਾ ਛਡੀ ਹੈ। ਸਤਿਗੁਰੂ ਗੁਰੂ ਦਸਮੇਸ਼ ਜੀ ਨੇ ਇਹਨਾਂ ਸਰਬ ਪਰਪੰਚੀਆਂ ਅਤੇ ਪਰਪੰਚਾਂ ਦੇ ਸਿਰ ਸੁਆਹ ਪਾ ਕੇ ਅਤੇ ਲੋਕਾਂ ਨੂੰ ਅਜਿਹੇ ਪਰਪੰਚਾਂ ਅਤੇ ਪਰਪੰਚੀਆਂ ਤੋਂ ਬਚਾਏ ਰਖਣ ਲਈ ਸਿਖੀ ਧਾਰਣ ਕਰਣ ਅਰਥਾਤ ਸਿਖ ਬਨਣ ਦੀ ਗੁਰਮੰਤਰ ਲੈਣ ਦੀ ਵਿਲਖਣ ਮਰਯਾਦਾ ਕਰ ਦਿਤੀ ਹੈ। ਬਸ ਕੇਵਲ ਏਸ ਮਰਯਾਦਾ ਦੁਆਰਾ ਹੀ ਗੁਰੂ ਦਾ ਸਿਖ ਬਣ ਸਕਦਾ ਹੈ ਅਤੇ ਏਸੇ



www.AKJ.Org

ਮਰਯਾਦਾ ਦੁਆਰਾ ਹੀ ਗੁਰੂ ਮੰਤਰ ਦੀ ਪਰਾਪਤੀ ਦੇ ਪਾਤਰ ਹੋ ਸਕੀਦਾ ਹੈ। ਨਾ ਕੋਈ ਇਕ ਇਕੇਲਾ ਪ੍ਰਪੰਚ ਰਚ ਕੇ ਆਪਣੇ ਆਪ ਨੂੰ ਗੁਰੂ ਸਦਾ ਸਕਦਾ ਹੈ ਨਾ ਹੀ ਕਿਸੇ ਨੂੰ ਆਪਣਾ ਸਿਖ ਬਣਾ ਸਕਦਾ ਹੈ, ਨਾ ਹੀ ਉਸ ਇਕ ਇਕੇਲੇ ਨੂੰ ਮੰਤਰ ਦੇਣ ਦਾ ਅਧਿਕਾਰ ਹੈ, ਨਾ ਹੀ ਉਸ ਪਾਸੋਂ ਲਿਆ ਗੁਰਮੰਤਰ ਲੈਣ ਵਾਲੇ ਲਈ ਭਲੀ ਭੂਤ ਹੋ ਸਕਦਾ ਹੈ। ਐਸੇ ਲੈਣ ਦੇਣ ਦਾ ਕੂੜਾਵਾ ਸੌਦਾ ਕਰਨ ਵਾਲੇ ਮਨਮੁਖੀ ਅਤੇ ਪਰਪੰਚੀ ਪੁਰਸ਼ਾਂ ਦੇ ਸਮੂਹ ਸੰਘੱਟ ਦਾ ਨਾਉਂ ਭਾਈ ਗਰਦਾਸ ਜੀ ਨੇ ਮੀਣਿਆ ਦਾ ਨਕਟ ਪੰਥ ਰਖਿਆ ਹੈ।

----


## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖ਼ਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ, ਮਾਰਕੀਟ,
ਲੁਧਿਆਣਾ।




www.AKJ.Org

# ਜੈ ਤੇਗੰ

(ਲੇਖਕ :—ਮਾਸਟਰ ਜਸਵੰਤ ਸਿੰਘ ਜੀ ਸ੍ਰੀ ਅੰਮ੍ਰਿਤਸਰ)

ਭੁੱਲੇ ਜਾਂ ਭੋਲੇ ਗਾਂਧੀ ਨੇ, ਕਹਿੰਦੇ ਹਨ,ਇਕ ਵੇਰਾਂ ਸਾਹਿਬ ਸ੍ਰੀ ਕਲਗੀਧਰ ਜੀ ਨੂੰ, ਤੇਗ਼ਜ਼ਨ ਹੋਣ ਦੇ ਨਾਤੇ, ਭੁਲੜ ਦੇਸ਼ ਭਗਤ ਕਿਹਾ ਸੀ। ਉਹ ਐਸੀ ਹਮਾਕਤ ਹਰਗਿਜ਼ ਨਾਂ ਕਰਦਾ,ਜੇ ਕਦੀ ਉਸ ਨੇ ਉਹਨਾਂ ਦਾ ਹੇਠ ਲਿਖਿਆ ਕਬਿਤ ਸੁਣਿਆ ਤੇ ਸਮਝਿਆ ਹੁੰਦਾ।

"ਖਗ ਖੰਡ ਬਿਹੰਡੰ, ਖਲਦਲ ਖੰਡੰ,
ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ,
ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤ ਦਰਣੰ,
ਕਿਲਬਿਖ ਹਰਣੰ ਅਸ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ,
ਮਮ ਪ੍ਰਤਿਪਾਰਣ ਜੈ ਤੇਗੰ ॥

ਜੇ ਖੜਗੇਸ਼ ਸਤਿਗੁਰੂ ਤੇ ਉਸ ਦੀ ਕ੍ਰਿਤ ਖਾਲਸਾ ਕੌਮ ਦੀ ਤੇਗ 'ਜਗ ਕਾਰਣ' ਹੈ ਤਾਂ 'ਕੀਤੇ' ਜਾਂ 'ਕਾਰਜ' ਨੂੰ ਕਰਤੇ ਦੀ ਹਰ ਪ੍ਰਕਾਰੀ ਰਜ਼ਾ ਰਹਿਣਾ ਤੇ ਉਸ ਅਗੇ ਸਿਰ ਨਿਵਾਉਣਾ ਹੀ ਸੋਭਦਾ ਹੈ। ਦਸਮੇਸ਼ ਜੀ ਦੀ ਤੇਗ਼ ਜੇ ਇਕ ਪਾਸੇ 'ਸੁਖ ਸੰਤਾ ਕਰਣੰ' ਹੈ ਤਾਂ ਇਸ ਦੇ ਨਾਲ ਹੀ ਦੂਜੇ ਪਾਸੇ ਦੁਸ਼ਮਨ ਦੂਤੀਆਂ ਲਈ 'ਦੁਰਮਤ ਦਰਣੰ' ਭੀ ਹੈ। ਇਸ ਤਰ੍ਹਾਂ ਉਹ 'ਕਰਤਾ' ਹੈ ਸਚ ਤੇ ਧਰਮ ਦੀ ਅਤੇ 'ਹਰਤਾ' ਹੈ ਝੂਠ, ਅਧਰਮ ਤੇ ਭਰਮ ਦੀ। ਗਾਂਧੀ ਨੇ ਖੁਦ ਇਕ ਥਾਂ ਤੇ ਅਹਿੰਸਾ ਦੀ ਵਿਆਖਿਆ ਵਿਚ ਲਿਖਿਆ ਹੈ ਕਿ ਕਿਸੇ ਜੀਵ ਨੂੰ ਮਾਰਨ ਦਾ ਹੱਕ, ਉਸ ਦੇ ਪੈਦਾ ਕਰਨ ਵਾਲੇ ਨੂੰ ਹੀ ਹੈ। ਸੋ ਸ੍ਰੀ ਸਾਹਿਬ (ਕਰਤਾਰ) ਨੂੰ ਸ੍ਰੀ ਸਾਹਿਬ (ਤਲਵਾਰ) ਵਿਚ ਤਕਣ ਵਾਲੇ ਖਾਲਸੇ ਨੂੰ ਸ੍ਰਿਸ਼ਟਿ ਉਬਾਰਣ ਦੇ ਕਾਜ ਵਿਚ ਵਰਤੀ ਵਾਹੀ ਤਲਵਾਰ ਦਾ ਕਿੰਚਤ ਵੀ ਦੋਸ਼ ਨਹੀਂ। ਖਾਲਸੇ ਦੀ ਅਰਦਾਸ ਸਦਾ ਹੀ ਇਸ ਗੱਲ ਦਾ ਅਹਿਸਾਸ ਕਰਾਉਂਦੀ ਹੈ ਕਿ ਹਰ ਮੈਦਾਨ ਫ਼ਤਹ ਖਾਲਸੇ ਨੇ ਪ੍ਰਿਥਮ ਭਗਉਤੀ ਸਿਮਰਿ ਕੇ ਹੀ ਕਰਨੀ ਹੈ। ਇਸ ਸਮਰੱਥਾ ਸ਼ਕਤੀ ਦੇ ਆਸਰੇ ਹੀ ਨਿਸਚੇ ਕਰਿ ਆਪਣੀ ਜੀਤ ਕਰਨੀ ਹੈ। ਹਰ ਕਾਰਜ ਦੀ ਨਿਰਵਿਘਨ ਸਮਾਪਤੀ ਲਈ 'ਸ੍ਰੀ ਖੜਗ' ਨੂੰ ਹੀ 'ਹਿਤ ਚਿਤ ਲਾਇ' ਕੇ 'ਨਮਸਕਾਰ ਕਰਨੀ ਹੈ।

ਕਾਸ਼! ਸਾਡੇ ਸਾਮ੍ਹਣੇ ਇਹ ਆਦਰਸ਼ ਨਕਸ਼ਬੰਦ ਰਹਿੰਦਾ! ਕਾਦਰਿ ਹਰ ਕਾਰ ਗੁਰੂ ਗੋਬਿੰਦ ਸਿੰਘ ਜੀ ਦਾ ਬਖਸ਼ਿਆ ਅਕਾਲੀ ਸ਼ਕਤੀ ਦਾ ਨਿਸ਼ਾਨ, ਕ੍ਰਿਪਾਨ, ਸਿੱਖ ਨੂੰ ਮਾਨ ਸਹਿਤ ਪ੍ਰਵਾਨ ਕਰਨਾ ਚਹੀਦਾ ਹੈ। ਇਸ ਨੂੰ ਅੰਗ ਸੰਗ ਰੱਖਣ ਨਾਲ ਗੁਰੂ ਅੰਗ ਸੰਗ ਪ੍ਰਤੀਤ ਹੋ ਸਕਦਾ ਹੈ। ਇਸ ਤੋਂ ਅੱਡ ਜਾਂ ਬੇਮੁਖ ਹੋਣਾ ਗੁਰੂ ਤੋਂ ਅੱਡ ਜਾਂ ਬੇਮੁਖ ਹੋਣ ਦੇ ਤੁਲ ਹੈ। ਜਿਥੋਂ ਤਕ ਵਾਹ ਚਲੇ, ਇਸ ਦਾ ਧਾਰਨੀ ਹੋਣਾ ਸਿੱਖ ਦੇ ਮੁਖ ਫਰਜ਼ਾਂ ਵਿਚੋਂ ਹੈ। ਬਖਸ਼ਿੰਦਾ ਸਤਿਗੁਰੂ ਨੇ ਇਕ ਵੇਰਾਂ ਦਾਸ ਪ੍ਰਤੀ ਸ੍ਰੀ ਸਹਿਬ ਦੀ ਸ੍ਰੇਸ਼ਟ ਕਲਾ ਇਉਂ ਪ੍ਰਗਟਾਈ ਸੀ :—



www.AKJ.Org

ਨਵੰਬਰ 1967 ਦੀ ਗੱਲ ਹੈ। ਪ੍ਰਾਈਵੇਟ ਸਕੂਲਾਂ ਦੇ ਅਧਿਆਪਕਾਂ ਵਲੋਂ ਇਕ ਲਹਿਰ ਚਲ ਰਹੀ ਸੀ । ਮੰਗ ਇਹਨਾਂ ਦੀ ਇਹ ਸੀ ਕਿ ਇਨ੍ਹਾਂ ਨੂੰ ਸਰਕਾਰੀ ਸਕੂਲਾਂ ਦੇ ਅਧਿਆਧਕਾਂ ਦੇ ਬਰਾਬਰ ਤਨਖਾਹਾਂ ਦਿੱਤੀਆਂ ਜਾਣ। ਵਿਥ ਵਖ ਵਖ ਸਕੂਲਾਂ ਵਿੱਚ ਵੱਖ ਵੱਖ ਤੇ ਬਹੁਤ ਸਾਰੀ ਸੀ। ਸੋ ਇਸ ਵਿਕਤਰੇ ਭਰੀ ਵਿਥ ਨੂੰ, ਸਰਕਾਰੀ ਤੇ ਪ੍ਰਈਵੇਟ ਸਕੂਲਾਂ ਦੇ ਸਮਾਨ ਲਿਆਕਤ ਵਾਲੇ ਅਧਿਆਪਕ ਵਿੱਚ ਸੌ ਦੋ ਸੌ ਰੁਪੈ ਤਕ ਤਾਂ ਸਾਧਾਰਣ ਹੀ ਸੀ, ਮੇਟਣ ਲਈ ਪਾਂਧੇ ਜੇਲ੍ਹਾਂ ਦੇ ਪਾਂਧੀ ਬਣ ਰਹੇ ਸਨ । ਮੇਰਾ ਮਨ ਵੀ ਜੇਲ੍ਹ ਜਾਣ ਲਈ ਬਣ ਗਿਆ । ਵਿਤਕਰੇ ਵਾਲੇ ਅਨਿਆਂ ਨੂੰ ਦੂਰ ਕਰਵਾਣ ਤੋਂ ਬਿਨਾ ਆਸ਼ਾ ਇਹ ਸੀ ਕਿ ਕੁਝ ਦਿਨ ਦੁਨੀਆਂ ਦੇ ਧੰਧ ਬੰਧ ਤਾਂ ਦੂਰ ਹੋਣਗੇ, ਅਟੰਕ ਹੋ ਕੇ ਨਾਮ ਬਾਣੀ ਦੇ ਅਭਿਆਸ ਕਰਨ ਦਾ ਅਵਸਰ ਮਿਲੇਗਾ। ਨਾਲ ਹੀ ਇਹ ਨਿਸ਼ਾਨਾ ਵੀ ਮਨ ਵਿੱਚ ਸੀ ਕਿ ਸਰਦੀਆਂ ਦੇ ਦਿਨ ਹਨ, ਸਰੋਵਰ ਦੇ ਇਸ਼ਨਾਨ ਤੋਂ ਬਚਣ ਦਾ ਬਹਾਨਾ ਵੀ ਮਿਲ ਜਾਏਗਾ । ਪਰ ਇਹ ਇੱਛਾ ਬੜੀ ਪ੍ਰਬਲ ਸੀ ਕਿ ਕਿਰਪਾਨ, ਜੋ ਸਿੱਖੀ ਦਾ ਬਾਹਰਮੁਖੀ ਨਿਸ਼ਾਨ ਹੈ, ਅਗ ਸਗ ਰਹੇ, ਤਿਆਗਣਾ ਨਾ ਪਵੇ। ਜੇ ਇਸ ਨੂੰ ਤਿਆਗਣ ਤਕ ਦੀ ਨੌਬਤ ਆਵੇ, ਭਾਵ ਇਸ ਨੂੰ ਤਿਆਗਣਾ ਜੇਲ੍ਹ ਜਾਣ ਦੀ ਸ਼ਰਤ ਆ ਬਣੇ ਤਾਂ ਐਸਾ ਜੇਲ੍ਹ ਜਾਣਾ ਹੀ ਤਿਆਗਿਆ ਜ਼ਾਵੇ। ਦੂਜਾ ਫੁਰਨਾ ਇਹ ਵੀ ਦ੍ਰਿੜ ਸੀ ਕਿ ਜੇਲ੍ਹ ਅੰਦਰ ਜਾ ਕੇ ਸਰਬ ਲੋਹ ਦੇ ਭੋਜ਼ਨ ਦਾ ਬਿਬੇਕ, ਜਿਥੋਂ ਤਕ ਹੋ ਸਕੇ, ਜ਼ਰੂਰ ਕਾਇਮ ਰੱਖਿਆ ਜਾਵੇ। ਸੋ ਸਹਿਜ ਸੁਭਾਇ ਹੀ ਐਸਾ ਸਿਲਸਲਾ ਸਤਿਗੁਰੂ ਨੇ ਬਣਾਇ ਦਿੱਤਾ ਕਿ ਵਾਹ ਵਾਹ ਢੋਅ ਆਣ ਢੁਕੇ। 30 ਨਵੰਬਰ ਨੂੰ ਜ਼ਿਲੇ ਅੰਮ੍ਰਿਤਸਰ ਦੇ ਸੌ ਕੁ ਅਧਿਆਪਕਾਂ ਦਾ ਜੱਥਾ ਅੰਮ੍ਰਿਤਸਰ ਤੋਂ ਚੰਡੀਗੜ੍ਹ ਜਾ ਕੇ ਗ੍ਰਿਫਤਾਰੀ ਦੇਣ ਲਈ ਰਵਾਨਾ ਹੋ ਰਿਹਾ ਸੀ। ਸਕੂਲ ਦੇ ਵਾਈਸ ਪ੍ਰਿੰਸੀਪਲ, ਗੁਰਚਰਨ ਸਿੰਘ ਜੀ ਭਲਾ, ਜੋ ਹੁਣ ਪ੍ਰਿੰਸੀਪਲ ਬਣੇ ਹਨ, ਨੇ ਮੈਨੂੰ ਇਸ ਜੱਥੇ ਵਿੱਚ ਸ਼ਾਮਲ ਹੋਣ ਲਈ ਕਿਹਾ । ਅਗਲੇ ਦਿਨ ਤਰਨਤਾਰਨ ਸਾਹਿਬ, ਮਾਨਯੋਗ ਬਾਪੂ ਮਲ ਸਿੰਘ ਜੀ ਦੇ ਘਰ ਵਿੱਚ ਅਖੰਡ ਪਾਠ ਅਰੰਭ ਹੋਣਾ ਸੀ। ਉਸ ਵਿੱਚ ਸ਼ਾਮਲ ਹੋਣ ਲਈ ਵੀ ਸਨੇਹਾ ਮਿਲ ਚੁੱਕਾ ਸੀ। ਜੇਲ੍ਹ ਜਾਵਾਂ ਜਾਂ ਅਖੰਡ ਪਾਠ ਵਿੱਚ ਸ਼ਾਮਲ ਹੋਵਾਂ। ਮਨ ਦੀ ਤਕੜੀ ਤੇ ਇਹ ਦੋਵੇਂ ਪਲੜੇ ਤੁਲਣ ਲੱਗੇ। ਦੂਜਾ ਪਲੜਾ ਬਹੁਤਾ ਭਾਰੀ ਪ੍ਰਤੀਤ ਹੁੰਦਾ ਸੀ। ਜੇਲ੍ਹੀਂ ਜਾਣ ਵਾਲੇ ਜੱਥੇ ਨੂੰ ਰਵਾਨਾ ਕਰਨ ਲਈ ਸ਼ਾਮ ਨੂੰ ਕਟੜਾ ਜੈਮਲ ਸਿੰਘ ਵਿੱਚ ਇਕ ਜਲਸਾ ਹੋ ਰਿਹਾ ਸੀ। ਜੱਦ ਉਥੇ ਪੁਜਿਆ ਤਾਂ ਸਟੇਜ ਉਤੇ ਮਨ-ਮੇਲੀ ਮਿਤਰ ਮਾਸਟਰ ਕੁੰਦਨ ਸਿੰਘ ਜੀ ਸਸ਼ੋਭਤ ਹੋਏ ਦਿਸੇ। ਉਹਨਾਂ ਦੇ ਮੇਲ ਨੇ ਐਸਾ ਖੇਲ ਵਰਤਾਇਆ ਕਿ ਜੇਲ੍ਹ ਜਾਣ ਦੀ ਇਛਾ ਵਾਲਾ ਪਹਿਲਾ ਪਲੜਾ ਯਕਦਮ ਭਾਰੀ ਕਰ ਦਿੱਤਾ। ਇੰਜ ਅਨੁਭਵ ਹੋਇਆ, ਜਿਕੂੰ ਮੈਨੂੰ ਉਤਸ਼ਾਹ ਦੇਣ ਲਈ ਹੀ ਅਕਾਲ ਪੁਰਖ ਨੇ ਢੋਆ ਢੁਕਾਇਆ ਹੈ। ਹੁਣ ਤਾਂ ਬੱਸ ਸਤਿਗੁਰੂ ਦੀ ਅਸੀਸ ਜਾਂ ਆਗਿਆ ਰੂਪੀ ਮੁਹਰ ਛਾਪ ਆਪਣੇ ਦਿਲ ਦੀ ਇਛਾ ਰੂਪੀ ਲਿਖਤ ਉਤੇ ਲਵਾਣ ਦੀ ਲੋਚਾ ਫੁਰੀ। ਵਾਹੋ ਦਾਹੀ ਆਪਣੇ ਮਹੱਲੇ ਦੇ ਗੁਰਦੁਆਰੇ ਆ ਕੇ ਅਰਦਾਸਾ ਸੋਧਿਆ । ਸਤਿਗੁਰੂ ਨੇ ਬੜੀ ਚੜ੍ਹਦੀ ਕਲਾ ਵਾਲਾ ਹੁਕਮ ਨਾਮਾ ਬਖਸ਼ਿਆ, ਜੋ ਇਸ ਵੇਲੇ ਯਾਦ ਨਹੀਂ ਆ ਰਿਹਾ ਹੈ। ਉਸ ਨੇ ਦੁਬਿਧਾ ਜਾਂ ਦੋ ਚਿਤੀ ਦਾ ਥਾਉਂ ਥੇਹ ਹੀ ਗਵਾ ਦਿੱਤਾ । ਬੱਸ ਫਿਰ ਕੀ ਸੀ ? ਖੁਸ਼ੀ ਦੇ ਖੰਭਾਂ ਤੇ ਉਡਦਾ ਘਰ ਆਇਆ। ਸ਼ਹਿਨਸ਼ਾਹ ਬਾਪੂ ਨੇ ਆਪਣੇ ਅੰਞਾਣੇ ਤੇ ਅਲ੍ਹੜ ਬੱਚੇ ਦੀ ਕੰਡ ਤੇ ਥਾਪੀ ਦਿੱਤੀ ਸੀ। ਕੋਈ ਮਖੌਲ ਥੋੜਾ ਸੀ ਸਿੰਘਣੀ ਨੂੰ ਜਦ ਆਣ ਖਬਰ



www.AKJ.Org

ਸੁਣਾਈ, ਆਪਣੇ ਜੇਲ੍ਹ ਜਾਣ ਦੇ ਪ੍ਰੋਗਰਾਮ ਦੀ ਤਾਂ ਵਿਚਾਰੀ ਨੇ ਬਹੁਤ ਹੈਰਾਨ ਤੇ ਸਾਇਦ ਕੁਝ ਕੁ ਪ੍ਰੇਸ਼ਾਨ ਹੋ ਕੇ ਫਟਾ ਫਟ ਆਪਣੇ ਸਿੰਘ ਨੂੰ ਰੀਝ ਨਾਲ ਪ੍ਰਸ਼ਾਦ ਛਕਾਇਆ, ਕੁਝ ਕੁ ਲੋੜੀਂਦਾ ਸਮਾਨ ਹਵਾਲੇ ਕਰ ਵਿਦਾਇਗੀ ਬਖਸ਼ੀ । ਆਪਾਂ ਆਪਣੀ ਮੌਜ ਵਿਚ ਛੜੱਪੇ ਮਾਰਦੀ ਨਦੀ ਦੀ ਮੌਜ ਵਾਂਗ ਸਿੱਧੇ ਸਟੇਸ਼ਨ ਤੇ ਜਾ ਪੁੱਜੇ । ਕਾਲਕਾ ਮੇਲ ਨਾਲ ਮੇਲ ਹੋਇਆ, ਉਸ ਦੇ ਇੱਕ ਡੱਬੇ ਵਿਚ ਆਸਣ ਜਮਾ ਖਾਤਰ ਜਮ੍ਹਾ ਹੋ ਬੈਠੇ । ਨਾਲ ਦਿਆਂ ਦੀ ਨਾਅਰੇ ਬਾਜ਼ੀ ਤੇ ਖਪ ਰੂਦ ਨਾਲ ਸਾਡਾ ਕੋਈ ਸਰੋਕਾਰ ਨਹੀਂ ਸੀ । ਪਹੁ ਫੁਟਾਲੇ ਤੋਂ ਪਹਿਲਾਂ ਰੇਲ ਨੇ ਸਾਨੂੰ ਚੰਡੀਗੜ੍ਹ ਪੁਚਾ ਦਿਤਾ । ਸਾਰੇ ਅਧਿਆਪਕਾਂ ਨੂੰ ਇਕ ਸਕੂਲ ਵਿੱਚ ਉਤਾਰ ਦੇਣ ਦਾ ਪ੍ਰਬੰਧ ਸੀ। ਉਸ ਅਸਥਾਨ ਤੋਂ ਦੁਪਹਿਰ ਪਿਛੋਂ ਚੱਲ ਕੇ ਸੈਕਟਰੀਏਟ ਸਾਹਵੇਂ ਜਾ ਗਿਰਫਤਾਰੀ ਦੇਣੀ ਸੀ। ਦਾਸ ਤਾਂ ਇਸ ਸਮੇਂ ਦਾ ਲਾਭ ਉਠਾਉਂਦਾ ਹੋਇਆ, ਪੁਛਦਾ ਪੁਛਾਉਂਦਾ ਹਰਨਾਮ ਸਿਘ ਜੀ ਕੋਮਲ ਤੇ ਮਾਸਟਰ ਭੂਪਿੰਦਰ ਸਿੰਘ ਦੇ ਬੁੰਗਿਆ ਵਿੱਚ ਆਣ ਉਤਰਿਆ । ਕੋਮਲ ਜੀ ਨੇ ਕਮਾਲ ਕਰ ਵਿਖਾਇਆ । ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਖੂਹ ਦੇ ਦਰਸ਼ਨ ਕਰਵਾਏ । ਉਥੋਂ ਜਦ ਖੂਹ ਗੇੜ ਕੇ ਟਿੰਡਾਂ ਵਿਚਲਾ ਜਲ ਆਪਣੇ ਗੜਵੇ ਵਿੱਚ ਪਾਇਆ, ਤਾਂ ਮੇਰੇ ਬਿਬੇਕ ਦੀ ਸੋਧ ਸੁਧਾਈ ਵੀ ਕੀਤੀ। ਸਮਝਾਇਓਨੇ ਕਿ ਟਿੰਡਾਂ ਵਾਲਾ ਜਲ ਸੋਧ ਦਾ ਨਹੀਂ ਹੋ ਸਕਦਾ । ਸੰਭਵ ਹੈ ਕਿ ਕੋਈ ਮੈਦਾਨ ਮਾਰਨ ਤੋਂ ਬਾਦ ਕਿਸੇ ਟਿੰਡ ਦੇ ਜਲ ਨਾਲ ਹੱਥ ਪਾਣੀ ਕਰ ਗਿਆ ਹੋਵੇ। ਦਾਸ ਨੇ ਇਹ ਸਮਝਾਉਣੀ ਪਰਵਾਨ ਕੀਤੀ। ਗੜਵੇ ਦਾ ਜਲ ਡੋਲ੍ਹਕੇ, ਉਸ ਨੂੰ ਫਿਰ ਸੋਧਿਆ, ਤੇ ਸੋਧੇ ਗੜਵੇ ਨੂੰ ਲਟਕਾ ਕੇ ਜਲ ਆਪਣੀ ਹਥੀ ਖਿਚਿਆ, ਉਸ ਦਾ ਜਲ ਪਾਨ ਕੀਤਾ ਤੇ ਫਿਰ ਉਸੇ ਨੂੰ ਸਰਬਲੋਹੀ ਪਕਵਾਨ ਲਈ ਵਰਤੋਂ ਵਿੱਚ ਲਿਆਂਦਾ। ਕੋਮਲ ਜੀ ਦੇ ਘਰੋਂ ਭੈਣ ਇੰਦਰਜੀਤ ਕੌਰ ਜੀ ਨੇ ਬੜੇ ਪ੍ਰੇਮ ਨਾਲ ਲੰਗਰ ਛਕਾਇਆ। ਇਕ ਰੁਲਤੇ ਫਿਰਤੇ ਮਸਕੀਨ ਖੁਦਾਈ ਬੰਦੇ ਨੂੰ ਮਨ ਮਰਜ਼ੀ ਦਾ ਸ਼ਾਹੀ ਭੋਜਨ ਪ੍ਰਾਪਤ ਹੋਇਆ। ਨਿਰਾ ਭੋਜਨ ਹੀ ਨਹੀਂ, ਹਾਰਦਿਕ ਹਮਦਰਦੀ ਪ੍ਰਗਟ ਕਰਦਿਆਂ ਇਹ ਹੁੱਬ ਪ੍ਰਗਟਾਈ ਕਿ ਕਾਸ਼ ਘਰ ਵਿੱਚ ਘਿਓ ਵਧੇਰੇ ਹੁੰਦਾ ਤਾਂ ਕੋਈ ਮਿਠਾਈ ਆਦਿ ਤੁਹਾਡੇ ਜੇਲ੍ਹ ਵਿੱਚ ਵਰਤਣ ਲਈ ਬਣਾ ਦੇਂਦੀ। ਇਸ ਇਕ ਸਮੇਂ ਦਾ ਪਿਆਰ ਵਿਚ ਸਜਾਇਆ ਤੇ ਛਕਾਇਆ ਪ੍ਰਸ਼ਾਦਾ ਇਸ ਉਮਰ ਵਿੱਚ ਭੁਲਣ ਵਾਲਾ ਨਹੀਂ । ਦਾਸ ਇਸ ਸਮੇਂ ਪ੍ਰਾਪਤ ਹੋਈ ਪ੍ਰੇਰਨਾ ਤੇ ਪ੍ਰੀਤੀ ਲਈ ਦੰਪਤੀ ਦਾ ਰਿਣੀ ਹੈ। ਭੈਣ ਜੀ ਨੇ ਦੋ ਚਾਰ ਪਿਆਰ ਪਰੁੰਨੇ ਪਰਾਉਂਠੇ ਪਲੇ ਵੀ ਪਾ ਦਿੱਤੇ । ਉਹਨਾਂ ਦੀਆਂ ਖ਼ੁਸ਼ੀਆਂ ਲੈਣ ਦੀ ਖਾਤਰ ਖਿੜੇ ਮੱਥੇ ਪਰਵਾਨ ਕਰ ਲਏ । ਆਣ ਆਪਣੇ ਡੇਰੇ ਪੁੱਜੇ, ਜਿਥੋਂ ਜਾ ਕੇ ਸਕਟਰੀਏਟ ਸਾਹਵੇਂ ਜਾ ਗ੍ਰਿਫਤਾਰੀ ਦਿੱਤੀ । ਪੋਲੀਸ ਨੇ ਆਪਣੀਆਂ ਲਾਰੀਆਂ ਵਿੱਚ ਪੋਲੀਸ ਸਟੇਸ਼ਨ ਤੇ ਜਾ ਪੁਚਾਇਆ। ਉਥੇ ਦੋ ਚਾਰ ਘੰਟੇ ਅਟਕਣਾ ਪਿਆ। ਪੋਲੀਸ ਆਪਣੀ ਕਾਗਜ਼ੀ ਕਰਵਾਈ ਕਰਦੀ ਰਹੀ। ਇਸ ਸਮੇਂ ਵਿਚ ਦਾਸ ਨੇ ਸ਼ਾਇਦ ਮਾਸਟਰ ਕੁੰਦਨ ਸਿੰਘ ਜੀ ਨਾਲ ਰਲ ਮਿਲ ਕੇ ਰਾਤ ਲਈ ਮਿਲਿਆ ਗੱਫਾ ਫਤਹ ਕਰ ਦਿੱਤਾ। ਜਦ ਪੁਲੀਸ ਸਾਨੂੰ ਨਾਭੇ ਜੇਲ੍ਹ ਦਾ ਚਾਲਾਣ ਬਣਾ ਕੇ ਲਾਰੀਆਂ ਵਿੱਚ ਲੈ ਤੁਰੀ ਤਾਂ ਦਿਨ ਅਸਤ ਹੋ ਹੀ ਚੁੱਕਾ ਸੀ। ਰਾਤ ਦੇ ਨੌਂ ਵੱਜੇ ਤੋਂ ਮਗਰੋਂ ਨਾਭਾ ਜੇਲ੍ਹ ਦੇ ਫਾਟਕ ਸਾਹਵੇਂ ਸਾਨੂੰ ਉਤਾਰ ਦਿੱਤਾ ਗਿਆ ਅਤੇ ਫਿਰ ਜੇਲ੍ਹ ਸੁਪ੍ਰੀਟੈਨਡੈਂਟ ਦੀ ਸੌਂਪਣੀ ਵਿਚ ਸਾਨੂੰ ਕਰਕੇ ਪੋਲੀਸ ਵਾਲੇ ਤਾਂ ਰਮਤੇ ਹੋ ਹੋ ਗਏ। ਜੇਲ੍ਹ ਦੀ ਡਿਉੜੀ ਵਿੱਚ ਉਸ ਭਲੇ ਪੁਰਸ਼ ਨੇ ਸਾਨੂੰ ਸੰਖੇਪ ਜਹੀ ਤਕਰੀਰ ਵਿਚ ਕਿਹਾ :—ਤੁਸੀਂ



www.AKJ.Org

ਪੜ੍ਹੇ ਲਿਖੇ ਡਿਗਰੀਆਂ ਵਾਲੇ ਮਾਸਟਰ ਹੋ, ਤੁਹਾਨੂੰ ਚਾਕੂ ਜਾਂ ਇਸ ਵਰਗੀ ਕੋਈ ਚੀਜ਼ ਜੇਲ੍ਹ ਅੰਦਰ ਨਹੀਂ ਲਿਜਾਣੀ ਚਾਹੀਦੀ । ਦਾਸ ਨੇ ਕੋਟ ਦੇ ਹੇਠਾਂ ਗਾਤਰੇ ਵਿਚ ਸਿਰੀ ਸਾਹਿਬ ਤਾਂ ਪਹਿਨੀ ਹੀ ਹੋਈ ਸੀ, ਪਰ ਇਸ ਨੂੰ ਸਹੀ ਤੌਰ ਤੇ ਚਾਕੂ ਜਾਂ ਚਾਕੂ ਵਰਗੀ ਚੀਜ਼ ਨਾ ਸ਼ੁਮਾਰ ਕਰ ਕੇ ਇਸ ਦੇ ਸੰਗ ਸਾਥ ਹੀ ਜੇਲ੍ਹ ਦੀ ਹੱਦ ਵਿੱਚ ਵਾਰਦ ਹੋ ਗਿਆ । ਨਾਲ ਹੀ ਨਾਲ ਅਕਾਲ ਪੁਰਖ ਦਾ ਦਿਲ ਹੀ ਦਿਲ ਵਿੱਚ ਬਾਰ ਬਾਰ ਸ਼ੁਕਰ ਕੀਤਾ ਕਿ ਉਸ ਨੇ ਚਿਰ ਦੀ ਚਿਤਵੀ ਹੋਈ ਚਾਹ ਪੂਰੀ ਕੀਤੀ । ਝੂਠੀ ਸਰਕਾਰ ਦੇ ਬਣਾਏ ਨਿਯਮ, ਜੇ ਉਹ ਸੱਚੀ ਸਰਕਾਰ ਦੇ ਨਿਯਮਾਂ ਨਾਲ ਟੱਕਰ ਖਾਂਦੇ ਹੋਣ ਪਾਲਣੇ ਹਰਗਿਜ਼ ਜ਼ਰੂਰੀ ਨਹੀਂ । ਉਹਨਾਂ ਸ਼ਹੀਦਾਂ ਨੂੰ ਬਾਰ ਬਾਰ ਨਮਸਕਾਰ ਕਰਨੀ ਚਾਹੀਦੀ ਹੈ, ਜਿਨ੍ਹਾਂ ਨੇ ਸਿੱਖੀ ਸਿਦਕ ਨਿਭਾਣ ਲਈ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਆਪਣੇ ਸਮੇਂ ਦੀਆਂ ਝੂਠੀਆਂ ਸਰਕਾਰਾਂ ਨਾਲ ਟੱਕਰ ਲਈ ਅਤੇ ਇਸ ਟੱਕਰ ਵਿਚ ਸਾਬਤ ਕਦਮ ਰਹਿ ਕੇ ਆਪਣੇ ਘਰ ਬਾਰ ਪਰਵਾਰ ਪੰਥ ਦੇ ਲੇਖੇ ਲਾ ਦਿਤੇ। ਉਹਨਾਂ ਦੀ ਕੁਰਬਾਨੀ ਦਾ ਹਜ਼ਾਰਵਾਂ ਭਾਗ ਵੀ ਸਾਡੇ ਭਾਗਾਂ ਵਿਚ ਆ ਜਾਵੇ ਤਾਂ ਸਾਡੇ ਭਾਗ ਜਾਗ ਪੈਣ, ਰੰਗ ਲੱਗ ਜਾਣ । ਅਸੀਂ ਕੁਰਬਾਨੀ ਕੀ ਦੇਣੀ ਹੈ ? ਰਾਜਸੀ ਸੱਤਾ ਰਖਣ ਵਾਲੇ ਟੋਡੀ ਟੋਲੇ ਦੀ ਖਾਹ ਮਖਾਹ ਦੀ ਖੁਸ਼ਾਮਦ ਨੂੰ ਹੀ ਖੈਰ-ਬਾਦ ਆਖੀਏ । ਖਾਲਸਾ ਤੇ ਖੁਸਾਮਦ ਦੋ ਮੁਤਜ਼ਾਦ ਚੀਜ਼ਾਂ ਹਨ, ਚਾਨਣ ਤੇ ਹਨੇਰੇ ਵਾਂਗ, ਜੋ ਇਕਠੀਆਂ ਨਹੀਂ ਰਹਿ ਸਕਦੀਆਂ । ਖੁਸ਼ਾਮਦ ਤਾਂ ਖੋਖਲਾ ਕਰ ਦੇਂਦੀ ਹੈ ਇਨਸਾਨ ਨੂੰ ਚਾਪਲੂਸੀ ਦਾ ਚਗਲਿਆ ਜੀਵ ਇਨਸਾਨ ਤੋਂ ਹੈਵਾਨ ਤੇ ਲਾਲ੍ਹਾਂ ਚਟਦੇ ਲੇਲੇ ਤੋਂ ਵੀ ਨੀਵਾਂ ਹੋ ਜਾਂਦਾ ਹੈ । ਧਰਮ ਸ਼ਰਮ, ਅਣਖ ਆਨ ਐਸੇ ਮਾਣੂ ਦੀ ਜਾਣੂ ਹੀ ਨਹੀਂ ਹੋਂਦੀ ।

ਮੈਂ ਇਕ ਕਾਇਰ ਜੀਵ ਹਾਂ ਤੇ ਇਹ ਕਹਿਣਾ ਵਧੇਰੇ ਠੀਕ ਹੋਵੇਗਾ ਕਿ ਮੈਂ ਕਿਰਪਾਨ ਅੰਦਰ ਨਹੀਂ ਲੈ ਗਿਆ, ਸਗੋਂ ਕਿਰਪਾਨ ਕਿਰਪਾ ਕਰਕੇ ਆਪਣੀ ਛਤਰ ਛਾਇਆ ਵਿਚ ਮੈਨੂੰ ਆਪਣੇ ਨਾਲ ਲੈ ਗਈ । ਸ੍ਰੀ ਸਾਹਿਬ ਜੀ ਆਪ ਆਪਣੇ ਸੇਵਕ ਨੂੰ ਨਿਵਾਜਦੇ ਹੋਏ ਦਾਸ ਦੇ ਅੰਗ ਸੰਗ ਰਹੇ ਅਤੇ ਜੇਲ੍ਹ ਵਿਚ ਵੀ ਜਾਣ ਤੋਂ ਸੰਕੋਚ ਨਾ ਕੀਤਾ ਪ੍ਰੰਤੂ ਪੂਰਾ ਠੀਕ ਤਾਂ ਇਸ ਤਰ੍ਹਾਂ ਜਾਪਦਾ ਹੈ ਕਿ ਸ੍ਰੀ ਸਾਹਿਬ ਜੀ ਨੇ ਆਪ ਮੈਨੂੰ ਜੇਲ੍ਹ ਅੰਦਰ ਭੇਜਿਆ ਹੀ ਨਹੀਂ ਸਗੋਂ ਮੇਰੇ ਸੰਗ ਸਾਥ ਹੀ ਰਹੇ ।

ਜੇਲ੍ਹ ਦੀ ਇਕ ਬੈਰਕ ਵਿੱਚ ਅਸੀਂ ਦਾਖਲ ਹੋ ਗਏ । ਇਕ ਲੰਬੀ ਬੈਰਕ ਵਿੱਚ ਦੋਹੀਂ ਪਾਸੀਂ ਫਰਸ਼ ਤੋਂ ਕੁਝ ਉੱਚੇ ਚਬੂਤਰੇ ਬਣੇ ਹੋਏ ਸਨ । ਹਰ ਚਬੂਤਰੇ ਤੇ ਇਕ ਚਟਾਈ, ਇਕ ਦਰੀ ਤੇ ਦੋ ਦੋ ਕੰਬਲ ਮੌਜੂਦ ਸਨ । ਸਾਰੇ ਸਾਫ ਸੁਥਰੇ ਤੇ ਨਵੇਂ ਨਕੋਰ, ਜਿਕੂੰ ਸਾਡੇ ਲਈ ਹੀ ਮੰਗਵਾਏ ਗਏ ਹੋਣ । ਅਸੀਂ ਸਾਰੇ ਆਪੋ ਆਪਣੇ ਬਿਸਤਰੇ ਵੀ ਲੈ ਗਏ ਸਾਂ । ਸਾਰੇ ਸਾਥੀਆਂ ਨੇ ਇਕ ਇਕ ਚਬੂਤਰਾ ਚੁਣ ਲਿਆ । ਮੈਂ ਵੀ ਮਾਸਟਰ ਕੁੰਦਨ ਸਿੰਘ ਜੀ ਦਾ ਲਾਗਲਾ ਚਬੂਤਰਾ ਮੱਲ ਲਿਆ ਅਤੇ ਅਪਣਾ ਸਾਮਾਨ ਉਥੇ ਟਿਕਾ ਦਿੱਤਾ । ਪੰਜ ਦਸ ਹੋਰ ਸਿਖ ਸਾਥੀਆਂ ਨੂੰ ਵੀ ਵੀ ਆਪਣੇ ਨੇੜੇ ਨੇੜੇ ਇਸ ਨਿਸ਼ਾਨੇ ਨਾਲ ਕਰ ਲਿਆ ਤਾਂ ਕਿ ਸਿਗਰਟਾਂ ਦੇ ਧੂਏਂ ਤੋਂ ਬਚਣ ਲਈ ਸਾਂਝਾ ਮਹਾਜ਼ ਕਾਇਮ ਕੀਤਾ ਜਾ ਸਕੇ । ਇਸ ਤੋਂ ਉਪ੍ਰੰਤ ਬਾਕੀ ਸਾਰੇ ਸਾਥੀ ਤਾਂ ਖਾਣ ਪੀਣ ਵੱਲ ਹੋ ਗਏ, ਇਖਲਾਕੀ ਕੈਦੀਆਂ ਦਾ ਪਕਾਇਆ ਖਾਣਾ ਸਾਰਿਆਂ ਨੇ ਸੋਚਾਂ ਸੰਕੋਚਾਂ ਨਾਲ ਅੰਦਰ ਕੀਤਾ । ਸੋਚਾਂ ਸੰਕੋਚਾਂ ਇਸ ਲਈ ਕਿ ਖਾਣਾ ਸਾਰਿਆਂ ਦੀ ਪੱਧਰ ਤੋਂ ਨੀਵਾਂ ਸੀ । ਉਦਰ ਪੂਰਨਾ ਤਾਂ ਕਰਨੀ ਹੀ ਸੀ । ਬੈਰਕ ਦੇ



www.AKJ.Org

ਚਾਰ ਚੁਫੇਰੇ ਖੁਲ੍ਹਾ ਵਿਹੜਾ ਸੀ। ਮੈਂ ਤਾਂ ਉਸ ਵਿੱਚ ਤੁਰਨ ਫਿਰਨ ਲੱਗਾ। ਨਾਲ ਹੀ ਨਾਲ ਪੇਸ਼ ਆਏ ਮਸਲਿਆਂ ਬਾਰੇ ਵਿਚਾਰਾਂ ਆਈ ਜਾਣ। ਉਸ ਵੇਲੇ ਮੇਰੇ ਸਾਮ੍ਹਣੇ ਦੋ ਹੀ ਮਾਮਲੇ ਸਨ। ਹਰ ਮਨੁਖ ਨੂੰ ਆਪਣੀ ਸਰੀਰਕ ਹੋਂਦ ਕਾਇਮ ਰੱਖਣ ਲਈ ਗੁੱਲੀ, ਜੁੱਲੀ ਤੇ ਕੁੱਲੀ ਦੀ ਹੀ ਲੋੜ ਹੈ। ਵਿਚਲਾ ਮਾਮਲਾ ਤਾਂ ਭਾਵੇਂ ਸੁਲਝਿਆ ਹੀ ਸੀ, ਪਰ ਸੱਜੇ ਖੱਬੇ ਵਾਲੇ ਅਥਵਾ ਕੁੱਲੀ ਤੇ ਗੁੱਲੀ ਦੇ ਮਾਮਲੇ ਤਾਂ ਹਾਲੀ ਮੇਰੇ ਪਾਸੋਂ ਤਸਲੀ-ਬਕਸ਼ ਹਲ ਦੀ ਮੰਗ ਕਰ ਰਹੇ ਸਨ। ਉਸ ਬੈਰਕ ਦੀ ਰਿਹਾਇਸ਼ ਵਿੱਚ ਕੇਵਲ ਇਕ ਹੀ ਔਖ ਸੀ, ਇਕ ਦਿਨ ਦੇ ਹੀ ਮੇਲ ਜੋਲ ਤੋਂ ਇਹ ਵੇਖ ਚੁੱਕਾ ਸਾਂ ਕਿ ਕਈ ਨਹੀਂ ਸਗੋਂ ਕਾਫ਼ੀ ਮੇਰੇ ਸਾਥੀ ਸਿਗਰਟਾਂ ਪੀਂਦੇ ਸਨ। ਉਨ੍ਹਾਂ ਦੇ ਐਸਾ ਕਰਦਿਆਂ ਬੈਰਕ ਵਿੱਚ ਕਿਵੇਂ ਟਿੱਕਿਆ ਜਾ ਸਕਦਾ ਸੀ? ਦੂਜਾ ਮਸਲਾ ਗੁੱਲੀ ਅਥਵਾ ਭੋਜਨ ਦਾ ਸੀ। ਅਸਲ ਵਿੱਚ ਭੋਜਨ ਨਾਲ ਬਹੁਤੀ ਫਿਕਰ ਪਾਣੀ ਦੀ ਸੀ। ਪਾਣੀ ਉਸ ਹਾਤੇ ਵਿਚ ਜੇਲ੍ਹ ਦੀ ਆਪਣੀ ਟੈਂਕੀ ਵਿਚੋਂ ਆਈ ਨਾਲ ਵਿਚੋਂ ਹੀ ਪ੍ਰਾਪਤ ਸੀ। ਮੈਂ ਇਹ ਸੋਚਦਾ ਸਾਂ ਕਿ ਕੀ ਇਹ ਪਾਣੀ ਵਰਤਣਾ ਹੋਵੇਗਾ ਜਾਂ ਨਾ। ਮੈਨੂੰ ਪਟਿਆਲਾ ਜੇਲ੍ਹ ਦਾ ਖੂਹ ਯਾਦ ਆ ਰਿਹਾ ਸੀ, ਜਿਸ ਨੂੰ ਕਿ ਮੈਂ ਪੰਜਾਬੀ ਸੂਬੇ ਦੀ ਲਹਿਰ ਸਮੇਂ ਤਕਿਆ ਸੀ, ਜਦੋਂ ਕਿ ਮੈਨੂੰ ਇਸ ਜੇਲ੍ਹ ਵਿੱਚ ਲਿਜਾਇਆ ਗਿਆ ਸੀ। ਮੇਰੇ ਮਨ ਵਿਚ ਆਉਂਦਾ ਰਿਹਾ ਕਿਨਾ ਚੰਗਾ ਹੋਵੇ ਮੇਰੀ ਤਬਦੀਲੀ ਉਸ ਜੇਲ੍ਹ ਵਿੱਚ ਕਰ ਦਿੱਤੀ ਜਾਵੇ।

ਯਾਰਾਂ ਬਾਰਾਂ ਵੱਜ ਗਏ ਹੋਣਗੇ, ਜਦ ਅਸੀਂ ਅੜਿੰਗ ਬੜਿੰਗ ਹੋਏ। ਪਹਿਲੀ ਰਾਤ ਤਾਂ ਸਾਡੀ ਬੈਰਕ ਦਾ ਬੂਹਾ ਬੰਦ ਰੱਖਿਆ ਗਿਆ। ਰਾਤੀਂ ਸੌਣ ਸਮੇਂ ਬੀੜੀਆਂ ਦੀ ਬੂ ਜਦ ਬਦੋਬਦੀ ਬਿਸਤਰੇ ਵਿਚੋਂ ਦੀ ਲੰਘ ਕੇ ਦਿਮਾਗ ਨੂੰ ਚੜ੍ਹੇ, ਤਾਂ ਬਰਦਾਸ਼ਤ ਕਿਵੇਂ ਹੋ ਸਕਦਾ ਸੀ? ਜਦ ਜਤਾਇਆ ਤਾਂ ਅਮਲੀ ਆਪਣੀ ਬਦ-ਅਮਲੀ ਤੋਂ ਉਸ ਸਮੇਂ ਲਈ ਬਾਜ਼ ਆ ਗਏ। ਸਵੇਰੇ ਚਾਰ ਵਜੇ ਜਾਗ ਖੁਲ੍ਹੀ। ਸਰਬ ਲੋਹ ਦੇ ਗੜਵੇ ਵਿਚ ਰਾਤ ਨੂੰ ਜਲ ਰੱਖ ਲਿਆ ਸੀ। ਪੰਜ ਇਸਨਾਨਾ ਕਰਕੇ ਬੰਦਾ ਤਾਂ ਬੰਦੀ ਵਿੱਚ ਪੈ ਗਿਆ। ਕਰਨ ਕਰਾਵਨ ਹਾਰ ਨੇ ਆਪ ਬੰਦੀ ਅੰਦਰ ਬੰਦਗੀ ਕਰਾਈ। ਛੇ ਵਜੇ ਕਵਾੜ ਖੁਲ੍ਹਿਆ। ਤਾਂ ਸੋਚ ਇਸ਼ਨਾਨ ਸੋਧ ਕੇ ਸੁੰਦਰ ਗੁਟਕੇ ਦਾ ਪੂਰਾ ਪਾਠ ਕੀਤਾ। ਮਾਸਟਰ ਕੁੰਦਨ ਸਿੰਘ ਜੀ ਵੀ ਸ਼ਾਮਲ ਹੋ ਗਏ ਸਨ। ਇਹ ਭਜਨ ਪਾਠ ਦਾ ਨੇਮ, ਸੱਚਾ ਪਾਤਸ਼ਾਹ, ਰੋਜ਼ ਆਪ ਨਿਭਵਾਂਦਾ ਰਿਹਾ। ਪਹਿਲੀ ਰਾਤ ਦੀ ਚਾਰ ਵੱਜੇ ਵਾਲੀ ਜਾਗ ਛੱਡ ਕੇ ਪਾਤਸ਼ਾਹ ਦੀ ਕਿਰਪਾ ਨਾਲ ਤਿੰਨ ਵੱਜੇ ਤਕ ਜਾਗ ਖੁਲ੍ਹ ਜਾਣੀ। ਫਿਰ ਮੈਦਾਨ ਮਾਰ ਕੇ ਇਸ਼ਨਾਨ ਆਦਿ ਕਰ ਲੈਣਾ। ਇਸ਼ਨਾਨ ਸਾਰੇ ਸਾਥੀਆਂ ਤੋਂ ਪਹਿਲੇ ਚਾਰ ਵਜੇ ਸਤਿਗੁਰੂ ਦੀ ਕ੍ਰਿਪਾ ਨਾਲ ਹੋ ਜਾਂਦੇ ਸਨ, ਜਦੋਂ ਕਿ ਅਹਾਤੇ ਦੀ ਨਾਲ ਵਿੱਚ ਜਲ ਆ ਜਾਂਦਾ ਸੀ। ਮਹਾਰਾਜ ਦੀ ਕਿਰਪਾ ਨਾਲ ਬੈਰਕ ਦਾ ਬਾਰ ਹੁਣ ਬੰਦ ਨਹੀਂ ਸੀ ਕੀਤਾ ਜਾਂਦਾ। ਕੇਵਲ ਪਹਿਲੀ ਰਾਤ ਹੀ ਜੰਦਰਾ ਲੱਗਿਆ ਸੀ। ਬੜੀ ਚੜ੍ਹਦੀ ਕਲਾ ਵਿਚ ਸਾਰੇ ਦਿਨ ਦਾ ਪ੍ਰੋਗਰਾਮ ਨਿਭ ਜਾਣਾ। ਪਹਿਲੀ ਦਸੰਬਰ ਦੀ ਰਾਤ ਤੋਂ ਪੰਜ ਦਸੰਬਰ ਦੀ ਰਾਤ ਤਕ ਕੇਵਲ ਪੰਜ ਰਾਤਾਂ ਹੀ ਇਥੇ ਕੱਟੀਆਂ। ਛੇਵੀਂ ਰਾਤ ਨੂੰ ਛੁੱਟੀਆਂ ਹੋ ਗਈਆਂ। ਇਹ ਸਾਰਾ ਸਮਾਂ ਬੜੇ ਰੰਗਾਂ ਵਿਚ ਬੀਤਿਆ। ਸਤਿਗੁਰੂ ਨੇ ਆਪ ਬਖਸ਼ਸ਼ ਕਰ ਕੇ ਨਾਮ ਬਾਣੀ ਦੇ ਲਾਹੇ ਬਖਸ਼ੇ। ਬਾਰਾਂ ਕੁ ਵਜੇ ਤਕ ਤਾ ਨਿਤਨੇਮ ਹੀ ਨਿਭਣਾ। ਮਾਸਟਰ ਕੁੰਦਨ ਸਿੰਘ ਜੀ ਵੀ ਰੋਜ਼ਾਨਾ ਨਾਲ ਰਲਦੇ ਰਹੇ। ਨਿਤਨੇਮ ਦੇ ਬਾਅਦ ਪਰਮ ਪਿਆਰੇ ਵੀਰ ਨੇ ਅਰਦਾਸ ਕਰਿਆ ਕਰਨੀ ਤੇ ਸੱਚੇ ਪਾਤਸ਼ਾਹ ਤੋਂ ਇਹ



www.AKJ.Org

ਵੀ ਮੰਗ ਮੰਗਿਆ ਕਰਨੀ ਕਿ ਅਧਿਆਪਕਾਂ ਦੇ ਚਲ ਰਹੇ ਅੰਦੋਲਨ ਵਿਚ ਛੇਤੀ ਛੇਤੀ ਸਫਲਤਾ ਬਖਸ਼ੋ। ਭਾਵੇਂ ਮੈਂ ਦਿਲ ਹੀ ਦਿਲ ਚਾਹੁੰਦਾ ਸਾਂ ਕਿ ਇਹ ਸਫਲਤਾ ਘੱਟੋ ਘੱਟ ਇਕ ਮਹੀਨਾ ਜਾਂ ਦੋ ਮਹੀਨੇ ਪਿੱਛੇ ਪੈ ਜਾਵੇ ਤਾਂ ਕਿ ਧੰਧੇ ਧਾਵਣੀਆਂ ਤੋਂ ਅਟੇਕ ਹੋ ਕੇ ਨਾਮ ਬਾਣੀ ਦਾ ਵਧੇਰੇ ਰਸ ਲਿਆ ਜਾ ਸਕੇ। ਅੰਮ੍ਰਿਤ ਵੇਲੇ ਦੇ ਪ੍ਰੋਗਰਾਮ ਵਿੱਚ ਬਾਕਾਇਦਗੀ ਦਾ ਅਭਿਆਸ ਪੱਕ ਜਾਵੇ. ਅਤੇ ਜਦ ਬਾਹਰ ਨਿਕਲੀਏ ਉਸ ਦਾ ਅਸਰ ਬਣਿਆ ਰਹੇ ਪ੍ਰੰਤੂ ਲੋਚਾ ਇਹੋ ਸੀ ਕਿ ਇਹ ਮਾਇਕ ਕਿਸਮ ਦੀ ਮੰਗ ਸਤਿਗੁਰੂ ਤੋਂ ਨਾ ਹੀ ਮੰਗੀ ਜਾਵੇ, ਉਸ ਦੇ ਭਾਣੇ ਅੰਦਰ ਜਦੋਂ ਵੀ ਇਸ ਬੰਦੀ ਤੋਂ ਬਾਹਰ ਜਾਣ ਦੇ ਅਵਸਰ ਬਣਨ, ਠੀਕ ਹੈ। ਪਰ ਇਹ ਲੋਚਾ ਉਸ ਜਾਨੀਅੜੇ ਸਾਜਨ ਨੂੰ ਕਦੇ ਜਤਾਈ ਨਹੀਂ ਸੀ। ਭਾਣੇ ਅੰਦਰ ਹੀ ਸਤਿਗੁਰੂ ਨੇ ਉਹਨਾਂ ਦੀ ਅਰਦਾਸ ਜਲਦੀ ਸੁਣ ਲਈ।

ਜੇਲ੍ਹ ਅੰਦਰ ਮੈਂ ਦੋ ਪੁਸਤਕਾਂ ਵੀ, ਸ਼ਹਿਰ ਦੇ ਸਜਨਾਂ ਪਾਸੋਂ ਲੀਤੀਆਂ ਹੋਈਆਂ ਲਿਅਇਆ ਸਾਂ। ਇਕ ਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਕਰਮ ਫਿਲਾਸਫ਼ੀ ਦੂਜੀ ਸੀ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਲਿਖੇ ਗੁਰੂ ਸਾਹਿਬ ਦੇ ਇਤਿਹਾਸ ਦੀ ਇਕ ਸੈਂਚੀ। ਇਹ ਸੈਂਚੀਆਂ ਭਾਈ ਵੀਰ ਸਿੰਘ ਹੁਰਾਂ ਨੇ ਸੰਪਾਦਤ ਕੀਤੀਆਂ ਹਨ। ਇਨ੍ਹਾਂ ਦੋਹਾਂ ਪੁਸਤਕਾਂ ਵਿਚੋਂ ਦੋ ਚਾਰ ਪਤਰੇ ਰੋਜ਼ਾਨਾ ਵਾਚਿਆਂ ਕਰਨੇ।

ਸ਼ਾਮ ਨੂੰ ਸੋਦਰ ਦਾ ਪਾਠ ਕਰਕੇ ਵਿਹੜੇ ਵਿਚ ਹੀ ਵਿਚਰਨਾ, ਤਾਕਿ ਸਿਗਰਟਾਂ ਪੀਣ ਦੇ ਆਦੀ ਆਪਣਾ ਝਸ ਪੂਰੀ ਕਰ ਸਕਣ। ਜੇ ਕਿਸੇ ਦਿਨ ਸੌਣ ਵਿਚ ਦੇਰ ਵੀ ਹੋ ਜਾਣੀ ਤਾਂ ਅੰਮ੍ਰਿਤ ਵੇਲੇ ਦੇ ਸਮੇਂ ਵਿੱਚ ਸਤਿਗੁਰੂ ਦੀ ਕਿਰਪਾ ਨਾਲ ਦੇਰੀ ਨਾ ਪੈਣੀ। ਪਹਿਰ ਸਵਾ ਪਹਿਰ ਅੰਮ੍ਰਿਤ ਵੇਲੇ ਦਾ ਸਮਾਂ ਬੈਰਕ ਅੰਦਰ ਹੀ ਆਸਣ ਜਮਾਣੇ ਤੇ ਉਸ ਸਮੇਂ ਵਿਚ ਸਾਰੇ ਸਾਥੀਆਂ ਨੇ ਸਿਗਰਟ ਨੋਸ਼ੀ ਵਲੋਂ ਵਰਜੇ ਰਹਿਣਾ ਜਾਂ ਵਰਜੇ ਜਾਣਾ। ਇਸ ਤਰ੍ਹਾਂ ਰਿਹਾਇਸ਼ ਦਾ ਮਸਲਾ ਕਿਸੇ ਹਦ ਤਕ ਹੱਲ ਹੋ ਗਿਆ, ਪਰ ਪੂਰਾ ਤਸੱਲੀ-ਬਖ਼ਸ਼ ਨਹੀਂ। ਚਾਰ ਦਸੰਬਰ ਨੂੰ ਇਕ ਹੋਰ ਜੱਥਾ ਜੇਲ-ਯਾਤਰੀਆਂ ਦਾ ਪੁਜਾ ਤਾਂ ਉਹਨਾਂ ਨੂੰ ਇਕ ਵੱਖਰੀ ਬੈਰਕ ਵਿੱਚ ਉਤਾਰਾ ਦਿੱਤਾ ਗਿਆ। ਉਸ ਬੈਰਕ ਦੇ ਪੂਰਬ ਵਾਲੀ ਬਾਹੀ ਦੀ ਨੁੱਕਰ ਵਿੱਚ ਸੰਗੀਨ ਜੁਰਮਾਂ ਵਾਲੇ ਇਖਲਾਕੀ ਕੈਦੀਆਂ ਦੀਆਂ ਕੋਠੜੀਆਂ ਨੂੰ ਨੂੰ ਦਰਵਾਜ਼ੇ ਵਿਚੋਂ ਰਸਤਾ ਜਾਂਦਾ ਸੀ। ਉਸ ਦਰਵਾਜ਼ੇ ਤੋਂ ਬਾਹਰ ਨਵੀਂ ਬੈਰਕ ਦੇ ਵਿਹੜੇ ਅੰਦਰ ਹੀ ਕੋਠੜੀਆਂ ਵਾਲੀ ਲਾਈਨ ਨਾਲ ਵਾਧਵੀਂ ਛੱਤ ਸੀ। ਉਹ ਥਾਂ ਮੈਨੂੰ ਆਪਣੀ ਰਿਹਾਇਸ਼ ਲਈ ਜਚ ਗਈ ਤੇ ਮੈਂ ਪੰਜ ਤਾਰੀਖ ਨੂੰ ਆਪਣਾ ਬਿਸਤਰਾ ਵੀਰ ਕੁੰਦਨ ਸਿੰਘ ਜੀ ਪਾਸੋਂ ਇਜਾਜ਼ਤ ਲੈ ਕੇ ਉਥੇ ਲਿਆ ਕੇ ਭੂਮੀ ਆਸਣ ਕਰ ਲਿਆ। ਇਸ ਤਰ੍ਹਾਂ ਰਿਹਾਇਸ਼ ਦਾ ਪ੍ਰਬੰਧ ਆਪਣੀ ਮਨਸ਼ਾ ਦੇ ਮੁਤਾਬਕ ਹੋ ਗਿਆ। ਪਰੰਤੂ ਇਥੇ ਬਸੇਰਾ ਕੇਵਲ ਇਕ ਰੈਣ ਲਈ ਹੀ ਮਿਲਿਆ। ਪਹਿਲੀ ਬੈਰਕ ਦੇ ਸਾਰੇ ਸਾਥੀ ਮੇਰੇ ਗੁਰਮਤ ਨਿਯਮਾਂ ਦੀ ਕਦਰ ਕਰਦੇ ਹੋਏ ਬੇਨਤੀ ਪ੍ਰਵਾਨ ਕਰ ਲੈਂਦੇ ਸਨ, ਮੈਂ ਇਸ ਗੱਲ ਲਈ ਉਨ੍ਹਾਂ ਦਾ ਵੀ ਮਸ਼ਕੂਰ ਹੋਇਆ। ਪਰ ਇਥੇ ਉਨ੍ਹਾਂ ਦੀ ਤੇ ਆਪਣੀ ਤਬੀਅਤ ਤੇ ਭਾਰ ਪਾਣ ਤੋਂ ਬਿਲਕੁਲ ਹੀ ਮੁਕਤੀ ਮਿਲ ਗਈ। ਇਥੇ ਇਕਾਂਤ ਦਰ ਇਕਾਂਤ ਸੀ, ਅਜ਼ਾਦੀ ਸੀ ਕਈ ਪ੍ਰਕਾਰ ਨਾਲ। ਪਰ ਇਹ ਆਜ਼ਾਦੀ 24 ਘੰਟੇ ਵੀ ਨਾ ਚਲੀ, ਛੇ ਤਾਰੀਕ ਦੀ ਰਾਤ ਨੂੰ ਜੇਲ੍ਹ ਤੋਂ ਜਿਤ ਪ੍ਰਾਪਤੀ ਸਹਿਤ ਘਰਾਂ ਵੱਲ ਪਿਆਨੇ ਹੋ ਗਏ। ਸਰਕਾਰ ਨੇ ਅਧਿਆਪਕਾਂ ਦੀਆਂ ਮੰਗਾਂ ਮੰਨ ਲਈਆਂ ਸਨ।



www.AKJ.Org

ਹੁਣ ਜੇਲ੍ਹ ਅੰਦਰ ਛੱਕੇ ਅੰਨ ਪਾਣੀ ਦੀ ਸੰਖੇਪ ਕਹਾਣੀ ਵੀ ਵਰਨਣ ਕਰਦਾ ਹਾਂ। ਸ਼ਾਇਦ ਕਈਆਂ ਲਈ ਲਿਦਚਸਪ ਤੇ ਸਿਖਿਆਦਾਇਕ ਵੀ ਹੋਵੇ। ਇਕ ਦੋ ਦਿਨ ਤਾਂ ਕੜਾਕਿਆਂ ਤੇ ਰਹੇ। ਮਾਸਟਰ ਕੁੰਦਨ ਸਿੰਘ ਹੁਰਾਂ ਦੋ ਚਾਰ ਹੋਰ ਸਾਥੀਆਂ ਨੂੰ ਲੈ ਕੇ ਜੇਲ੍ਹ ਵਾਲਿਆਂ ਨਾਲ ਗੱਲ-ਬਾਤ ਕਰਕੇ ਸਾਰੇ ਸਾਥੀਆਂ ਕਈ ਸਹੂਲਤਾਂ ਪ੍ਰਾਪਤ ਕਰ ਲਈਆਂ। ਕਾਫ਼ੀ ਅਧਿਆਕ-ਪਕ ਜ਼ੇਲ੍ਹ ਵਿੱਚ ਬੀ ਕਲਾਸ ਦੇ ਅਧਿਕਾਰੀ ਸਨ। ਉਨ੍ਹਾਂ ਵਾਸਤੇ ਮੰਜੇ ਬਿਸਤਰੇ ਦੀ ਸਹੂਲਤ ਤੋਂ ਬਿਨਾ ਬਾਕੀ ਦੇ ਸੀ ਕਲਾਸ ਵਾਲੇ ਸਾਥੀਆਂ ਤੋਂ ਹੇਠਾਂ ਲਿਖੇ ਵੇਰਵੇ ਅਨੁਸਾਰ ਵੱਧ ਸਹੂਲਤਾਂ ਦਾ ਹੱਕ ਸੀ :—

| | ਬੀ ਕਲਾਸ | ਸੀ ਕਲਾਸ |
|---|---|---|
| ਆਟਾ | 460 ਗ੍ਰਾਮ | 580 ਗ੍ਰਾਮ |
| ਮਸਾਲੇ | 15 ,, | 7 ,, |
| ਲੂਣ | 15 ,, | 15 ,, |
| ਸਬਜ਼ੀ | 230 ,, | 230 ,, |
| ਬਾਲਣ | 1860 ,, | 350 ,, |

ਇਸ ਤੋਂ ਬਿਨਾਂ ਕੁਝ ਵਸਤੂਆਂ ਘੀ 60 ਗ੍ਰਾਮ ਰੋਜ਼ਾਨਾ ਖੰਡ 60 ਗਰਾਮ ਰੋਜ਼ਾਨਾ, ਚਾਹ 7 ਗਰਾਮ ਰੋਜ਼ਾਨਾ, ਆਲੂ 115 ਗਰਾਮ ਰੋਜ਼ਾਨਾ, ਜਾਂ ਦੁਧ ਜਾਂ ਮਾਸ 230 ਗਰਾਮ ਰੋਜ਼ਾਨਾ ਦਾ ਹੱਕ ਕੇਵਲ ਬੀ ਕਲਾਸ ਵਾਲਿਆਂ ਨੂੰ ਹੀ ਸੀ। ਜੇਲ੍ਹ ਵਾਲਿਆਂ ਤੋਂ ਸਾਰੇ ਜੀਆਂ ਦਾ ਰਾਸ਼ਨ ਰੋਜ਼ਾਨਾ ਤੁਲਵਾ ਕੇ ਲੈ ਲਿਆ ਜਾਂਦਾ। ਸਾਰੇ ਅਧਿਆਪਕ ਰਲ ਮਿਲ ਕੇ ਦੋ ਚਾਰ ਇਖ਼ਲਾਕੀ ਕੈਦੀਆਂ ਦੀ ਮਦਦ ਨਾਲ ਆਪਣਾ ਭੋਜਨ ਆਪ ਤਿਆਰ ਕਰਦੇ। ਮਾਸਟਰ ਜੀ ਦਾ ਹੀ ਪਰਭਾਵ ਸੀ ਕਿ ਅਧਿਆਪਕ ਬੀ ਸੀ ਕਲਾਸ ਦੇ ਵਿਤਕਰੇ ਤੋਂ ਬਿਨਾਂ ਆਪਣੇ ਭੋਜਨ ਰਲ ਮਿਲ ਕੇ ਛੱਕਦੇ ਅਤੇ ਕਿਸੇ ਸਾਥੀ ਨੇ ਵੀ ਮਾਸ ਦੀ ਮੰਗ ਨਾ ਕੀਤੀ। ਮਾਸਟਰ ਜੀ ਮੇਰੇ ਪਰਸ਼ਾਦ ਪਾਣੀ ਦਾ ਵੀ ਬਹੁਤ ਫ਼ਿਕਰ ਕਰਦੇ ਸਨ। ਉਨ੍ਹਾਂ ਨੇ ਮੇਰੇ ਨਾਲ ਵਿਚਾਰ ਕਰ ਕੇ ਮੈਨੂੰ ਮਨਾ ਲਿਆ ਸੀ ਕਿ ਮੈਂ ਜੇਲ੍ਹ ਵਿਚ ਪਰਾਪਤ ਜਲ ਆਪਣੇ ਸਾਰੇ ਮਤਲਬਾਂ ਲਈ ਵਰਤ ਲਵਾਂ। ਸੋ ਮੈਂ ਜਲ ਤਾਂ ਨਿਰ-ਸੰਕੋਚ ਵਰਤਣ ਲੱਗ ਪਿਆ ਸਾਂ। ਅੰਨ ਦੀ ਥਾਂ ਦੋ ਕੁ ਦਿਨ ਤੇ ਤਿੰਨ ਦਸੰਬਰ ਖਾਲਸਾਈ ਬਾਦਾਮਾਂ ਜੋ ਜੇਲ੍ਹ ਵਿਚ ਰੋਜ਼ਾਨਾ ਮਿਲਦੇ ਸਨ ਅਤੇ ਸ਼ਕਰ ਤੇ ਗੁਜ਼ਾਰਾ ਕੀਤਾ। ਕੋਈ ਖੇਚਲ ਪਰਤੀਤ ਨਾ ਹੋਈ। ਪਰਸ਼ਾਦਾ ਛਕਣ ਲਈ ਮਾਸਟਰ ਜੀ ਤੇ ਹੋਰ ਕਈ ਸਾਥੀ ਵੀ ਪ੍ਰੇਰਦੇ ਰਹੇ। ਜੇਲ੍ਹ ਵਾਲੇ ਘਿਉ ਦੀ ਥਾਂ ਬਨਸਪਤੀ ਹੀ ਦਿੰਦੇ ਸਨ, ਜਿਸ ਨੂੰ ਕਿ ਮੈਂ ਸਰਬ ਲੋਹੀ ਬਿਬੇਕ ਦੇ ਭੋਜਨ ਲਈ ਪਰਵਾਨ ਕਰਨ ਲਈ ਹਰਗਿਜ਼ ਤਿਆਰ ਨਹੀਂ ਸਾਂ। ਸੋ ਗੁਰਮੁਖ ਪਿਆਰੇ ਨੇ ਦਾਸਰੇ ਲਈ ਚਾਰ ਦਸੰਬਰ ਨੂੰ ਅੱਧਾ ਕਿਲੋ ਦੇਸੀ ਘਿਉ ਦਾ ਪ੍ਰਬੰਧ ਕਰ ਦਿੱਤਾ। ਮੇਰੇ ਨਾਲ ਹੋ ਕੇ ਉਨ੍ਹਾਂ ਪੰਜਵੇਂ (ਘਿਉ), ਆਟੇ ਤੇ ਮਿੱਠੇ ਦੀ ਮਦਦ ਨਾਲ, ਗੜਵੇ ਵਿਚ ਹੀ ਪਰਸ਼ਾਦ ਤਿਆਰ ਕਰਵਾਇਆ। ਸਵਾਇਆ ਕੁ ਉਨ੍ਹਾਂ ਛਕਿਆ। ਬਾਕੀ ਰਾਹੀਂ ਦਾਸ ਨੇ ਆਪਣੇ ਸਰੀਰ ਨੂੰ ਆਧਾਰ ਦਿੱਤਾ। ਪੰਜ ਦਸੰਬਰ ਨੂੰ ਦੁਪਹਿਰ ਨੂੰ ਤਿੰਨ ਪਰਸ਼ਾਦੇ ਸੱਜਾ ਕੇ ਘਿਉ ਸ਼ਕਰ ਨਾਲ ਛੱਕ ਲਏ। ਛੇ ਦਸੰਬਰ ਨੂੰ ਆਪਣੇ ਨਵੇਂ ਅਸਥਾਨ ਤੇ ਆਪਣਾ ਵੱਖ਼ਰਾ ਇੱਟਾਂ ਦਾ ਚੁਲ੍ਹਾ ਬਣਾ ਕੇ ਆਪਣਾ ਭੋਜਨ ਤਿਆਰ ਕੀਤਾ।

ਆਪਣੇ ਹਥੀਂ ਰਸੋਈ ਤਿਆਰ ਕਰਨ ਦਾ ਤਜਰਬਾ ਕੋਈ ਖਾਸ ਨਹੀਂ ਸੀ। ਸੋ ਜਿਹੋ ਜਿਹਾ ਵੀ ਲੰਗਰ ਤਿਆਰ ਕੀਤਾ ਉਸ ਨੂੰ ਸਜਾਉਣ ਤੇ ਛਕਣ ਵਿਚ ਬਹੁਤ ਅਨੰਦ ਆਇਆ। ਉਸੇ ਹੀ ਦਿਨ ਅਧਿਆਪਕਾਂ ਦੀਆਂ ਮੰਗਾਂ ਮੰਨੇ ਜਾਣ ਦੀਆਂ ਖਬਰਾਂ ਮਿਲ ਗਈਆਂ। ਰਾਤ ਨੂੰ ਸਰਕਾਰੀ ਭਾੜੇ ਤੇ ਸਾਨੂੰ



www.AKJ.Org

ਸ੍ਰੀ ਅੰਮ੍ਰਿਤਸਰ ਵਲ ਵਿਦਾ ਕੀਤਾ ਗਿਆ। ਜਿਸ ਗੱਡੀ ਵਿਚ ਸਵਾਰ ਹੋਏ ਉਸੇ ਵਿਚ ਪਟਿਆਲੇ ਤੋਂ ਰਿਹਾ ਹੋਏ ਅਧਿਆਪਕ ਵੀ ਆ ਰਹੇ ਸਨ। ਅਧਿਆਪਕ ਆਪਣੀਆਂ ਖੁਸ਼ੀਆਂ ਨੂੰ ਪ੍ਰਗਟਾਣ ਲਈ ਗਾਉਂਦੇ, ਬਜਾਉਂਦੇ ਤੇ ਗਿਧੇ ਪਾਉਂਦੇ ਆ ਰਹੇ ਸਨ। ਜਿਸ ਡੱਬੇ ਵਿਚ ਅਸੀਂ ਸਵਾਰ ਸਾਂ, ਸਾਥੀਆਂ ਨੇ ਸਤਿਕਾਰ ਕਰਦਿਆਂ ਹੋਇਆਂ ਸਿਗਰਟ ਨਹੀਂ ਪੀਤੀ। ਪਟਿਆਲੇ ਜੇਲ੍ਹ ਦੇ ਸਾਥੀਆਂ ਤੋਂ ਪਤਾ ਲਗਾ ਕਿ ਉਨ੍ਹਾਂ ਨੂੰ ਆਪਣੇ ਕਿਰਾਏ ਪਲਿਉਂ ਖਰਚ ਕਰਨੇ ਪਏ ਸਨ ਅਤੇ ਇਹ ਪਤਾ ਲਗਾ ਕਿ ਜੇਲ੍ਹ ਵਿਚਲਾ ਖੂਹ, ਜਿਸ ਨੂੰ ਮੈਂ ਨਾਭੇ ਜੇਲ੍ਹ ਵਿਚ ਚਿਤਵਦਾ ਰਿਹਾ ਸਾਂ, ਪੂਰਿਆ ਜਾ ਚੁਕਾ ਸੀ।

ਸ਼ੁਕਰ ਭਰੇ ਹਿਰਦੇ ਸਹਿਤ ਘਰ ਪੁਜੇ, ਸਾਮਾਨ ਰਖਿਆ, ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਕੇ ਸ਼ੁਕਰਾਨਾ ਕੀਤਾ। ਘਰ ਮੁੜੇ, ਪਰਸ਼ਾਦਾ ਤਿਆਰ ਸੀ, ਛਕ ਕੇ ਆਪਣੇ ਸਕੂਲ ਪੁੱਜੇ। ਉਥੇ ਜਿਤ ਦੀ ਖੁਸ਼ੀ ਵਿਚ ਅਤੇ ਜੇਲ੍ਹੀਂ ਗਏ ਅਧਿਆਪਕਾਂ ਦਾ ਧੰਨਵਾਦ ਕਰਨ ਲਈ ਟੀਚਰ ਯੂਨੀਅਨ ਵਲੋਂ ਜਲਸਾ ਹੋ ਰਿਹਾ ਸੀ। ਸਾਨੂੰ ਸਿਹਰੇ ਪਾਏ ਗਏ ਅਤੇ ਕੁਰਸੀਆਂ ਤੇ ਬਿਠਾਇਆ ਗਿਆ। ਸਟੇਜ ਵਲੋਂ ਸਾਡੀ (ਜੇਲ੍ਹ ਜਾਣ ਵਾਲਿਆਂ) ਦੀ ਵਡਿਆਈ ਦੇ ਨਾਲ ਧੰਨਵਾਦ ਕੀਤਾ ਜਾ ਰਿਹਾ ਸੀ।

ਉਸੇ ਸਮੇਂ ਹੀ ਇਕ ਓਪਰੇ ਸਜਣ ਨੇ ਮੇਰੀ ਕੁਰਸੀ ਦੇ ਨੇੜੇ ਆ ਕੇ ਮੇਰੇ ਗਾਤਰੇ ਪਈ ਸਿਰੀ ਸਾਹਿਬ ਨੂੰ ਹੱਥ ਵਿਚ ਲੈ ਕੇ ਨਮਸਕਾਰ ਕਰਨ ਲੱਗੇ। ਉਨ੍ਹਾਂ ਦਾ ਸਿਰੀ ਸਾਹਿਬ ਨੂੰ ਨਮਸਕਾਰ ਕਰਨਾ ਮੈਨੂੰ ਪ੍ਰਗਟ ਤੌਰ ਇਹ ਸਮਝਾਉਂਦਾ ਨਜ਼ਰ ਆਇਆ ਕਿ ਅਧਿ-ਆਪਕਾਂ ਦਾ ਧੰਨਵਾਦ ਕਰਨ ਵਾਲੇ ਗਾਂਧੀ ਵਾਂਗ ਹੀ ਭੋਲੇ ਜਾਂ ਭੁੱਲੇ ਹੋਏ ਹਨ। ਅਸਲ ਵਿਚ ਮਮ ਤੁਮ ਤੇ ਕੁਲ ਆਲਮ ਦੀ ਸਦਾ ਰਛਿਆ ਕਰਨ ਵਾਲੇ ਸਿਰੀ ਸਾਹਿਬ ਜੀ ਜਾਂ ਸਿਰੀ ਸਰਬ ਲੋਹ ਜੀ ਜਾਂ ਸ੍ਰੀ ਸਰਬ ਕਾਲ ਜੀ ਹਨ।

"ਭਈ ਜੀਤ ਮੇਰੀ, ਕਿਰਪਾ ਕਾਲ ਕੇਰੀ।'

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ॥

---


# ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਦੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ। ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ।

ਮਿਸਤਰੀ ਉਜਾਗਰ ਸਿੰਘ,
ਮਹੱਲਾ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ।




www.AKJ.Org

# ਭਗਤ ਨਾਮਦੇਵ ਜੀ

(ਸੇਵਾ—ਪ੍ਰੋ: ਗੁਰਮੁਖ ਸਿੰਘ ਕਪੂਰਥਲਾ)

ਭਗਤ ਨਾਮ ਦੇਵ ਜੀ ਦਾ ਜਨਮ ਪਿੰਡ ਨਰਸੀ, ਜ਼ਿਲਾ ਸਤਾਰਾ, ਬੰਬਈ ਪ੍ਰਾਂਤ ਵਿਖੇ ਹੋਇਆ ਆਪ ਨੇ ਸੰਨ ੧੨੭੦ ਤੋਂ ੧੩੫੦ (ਈਸਵੀ) ਤਕ ੮੦ ਸਾਲ ਸੰਸਾਰ ਯਾਤਰਾ ਕੀਤੀ ਅਤੇ ਮਾਨੁਖ ਜਨਮ ਦਾ ਸਰਬ ਸਰੇਸ਼ਟ ਲਾਹਾ ਲਇਆ ਜਿਸ ਦੀ ਗਵਾਹੀ ਗੁਰੂ ਰਾਮ ਦਾਸ ਜੀ ਇਉਂ ਦਿੰਦੇ ਹਨ।

ਨਾਮਦੇਅ ਪ੍ਰੀਤ ਲਗੀ ਹਰਿ ਸੇਤੀ ਲੋਕੁ ਛੀਪਾ ਕਹੈ ਬੁਲਾਇ।
ਖਤ੍ਰੀ ਬ੍ਰਾਹਮਣ ਪਿਠ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਹਿ ॥ (ਸੂਹੀ ਮਃ ੪)

ਆਪ ਦਾ ਜਨਮ ਛੀਪੇ (ਦਰਜ਼ੀ) ਦੇ ਘਰ ਵਿਚ ਹੋਇਆ ਜੋ ਅਜ ਭੀ ਭਾਰਤ ਦੀ ਇਕ ਪਛੜੀ ਸ਼ਰੇਣੀ ਹੈ। ਪਰ ਸਤ ਸੌ ਸਾਲ ਪਹਿਲਾਂ ਤਾਂ ਇਸ ਦੇ ਪਛੜੇ ਹੋਣ ਦਾ ਅਨੁਮਾਨ ਭਗਤ ਜੀ ਦੇ ਇਹਨਾਂ ਸ਼ਬਦਾਂ ਤੋਂ ਹੀ ਲਗਾਇਆ ਜਾ ਸਕਦਾ ਹੈ। ਪ੍ਰਭੂ ਪਿਤਾ ਜੀ ਨੂੰ ਉਲਾਮੇ ਵਜੋਂ ਕਹਿੰਦੇ ਹਨ—

ਹੀਨੜੀ ਜਾਤਿ ਮੇਰੀ ਜਾਦਮ ਗਇਆ ॥
ਛੀਪੇ ਕੇ ਜਨਮ ਕਾਹੇ ਕਉ ਆਇਆ ॥
(ਭੈਰਉ ਬਾਣੀ ਨਾਮਦੇਉ ਜੀ ਕੀ)

ਇਸ ਸ਼ਬਦ ਵਿਚ ਦਸਿਆ ਹੈ ਕਿਵੇਂ ਚਾਈਂ ਚਾਈਂ ਖੁਸ਼ੀ ਖੁਸ਼ੀ ਨਾਮਦੇਵ ਜੀ ਬੀਠੁਲ ਜੀ (ਠਾਕੁਰ ਜੀ, ਵਾਹਿਗੁਰੂ ਜੀ) ਦੇ ਨਮਿਤ ਥਾਪੇ ਹੋਏ ਮੰਦਰ ਗਏ, ਪਰ ਨੀਵੀਂ ਜਾਤ ਕਰਕੇ ਬ੍ਰਾਹਮਣ ਪੁਜਾਰੀਆਂ ਨੇ ਅੰਦਰ ਨਹੀਂ ਜਾਣ ਦਿਤਾ। ਪੁਕਾਰ ਕਰਦੇ ਹਨ, ਹੇ ਵਾਹਿਗੁਰੂ। ਨੀਵੀਂ ਜਾਤ ਵਿਚ ਮੈਨੂੰ ਕਿਉਂ ਜਨਮ ਦਿਤਾ ? ਜਿਥੇ ਤੇਰੀ ਪੂਜਾ ਭੀ ਮਨ੍ਹਾ ਹੈ ? ਨੀਵੀਂ ਜਾਤ ਵਿਚ ਜੋ ਜੋ ਸਮਾਜਿਕ ਵਿਤਕਰੇ ਤੇ ਧੱਕੇ ਹੋਰਨਾ ਭਗਤਾਂ ਨਾਲ ਭੀ ਹੋਏ ਉਹ ਭੀ ਇਸ ਦੇ ਵਿਰੁਧ ਸਮਾਜਿਕ ਪੱਧਰ ਤੇ ਆਵਾਜ਼ ਉਠਾਂਦੇ ਹਨ ਤੇ ਜ਼ੋਰ ਦੇ ਕੇ ਕਹਿੰਦੇ ਹਨ ਕਿ ਆਤਮ-ਵਾਦ (**Spiritulism**) ਦੀਆਂ ਮੰਡਲੀਆਂ ਵਿਚ ਵਸਣ ਵਾਲਿਓ, ਨਸਲ ਤੇ ਜ਼ਾਤ ਦੇ ਵਿਤਕਰੇ ਭਰਮ ਹੀ ਹਨ। ਉਥੇ ਤਾਂ :—

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ ॥
ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ ॥
(ਗੁਜਰੀ ਮ: ੫: ੪੯੮)

ਭਗਤਾਂ ਨੂੰ ਇਹ ਵਿਤਕਰਾ ਚੁਭਦਾ ਜ਼ਰੂਰ ਰਿਹਾ ਹੈ ਇਕ ਥਾਂ ਹੋਰ ਭੀ ਆਖਦੇ ਹਨ :-



www.AKJ.Org

"ਏ ਪੰਡੀਆ ਮੋਕਉ ਢੇਢ ਕਹਤ
ਤੇਰੀ ਪੈਜ ਪਿਛੰਉਡੀ ਹੋਇਲਾ ॥"

(ਰਾਗ ਮਲਾਰ ਪੰਨਾ ੧੨੯੨)

ਕਿਉਂਕਿ ਵਾਹਿਗੁਰੂ ਜੀ ਨਾਲ ਪਿਆਰ ਕਰਨ ਵਾਲਿਆਂ ਨੂੰ ਨੀਚ ਆਖਣਾ ਵਾਹਿਗੁਰੂ ਜੀ ਦਾ ਅਪਮਾਨ ਕਰਨਾ ਹੈ। ਵਾਹਿਗੁਰੂ ਆਪ ਉੱਚਾ ਹੈ, ਸਰਬ ਪ੍ਰਤਿ ਪਾਲਕ ਹੈ। ਸਰਬ ਸਰੇਸ਼ਟ ਹੈ। ਉਸ ਨਾਲ ਪਿਆਰ ਕਰਨ ਵਾਲੇ ਸੋਹਣੇ ਤੇ ਉਚੇ ਆਖੀਦੇ ਹਨ। ਆਪਣੀ ਇਜ਼ਤ ਲਈ ਨਹੀਂ ਮਾਲਕ ਦੀ ਇਜ਼ਤ ਕਾਇਮ ਰਖਣ ਲਈ ਮਾਲਕ ਨੂੰ ਤਰਲਾ ਪਾਇਆ ਜਾ ਰਿਹਾ ਹੈ ਜਿਸ ਤਰ੍ਹਾਂ :—

ਨਾਮੁ ਪਰਿਓ ਭਗਤੁ ਗੋਵਿੰਦ ਕਾ
ਇਹ ਰਾਖਹੁ ਪੈਜ ਤੁਮਾਰੀ ॥

(ਸੋਰਠ ਮ: ੫ ੬੨੪)

ਗੁਰੂ ਅਰਜਨ ਦੇਵ ਜੀ ਨੇ ਬਾਣੀ ਦਾ ਬੋਹਥ ਰਚਨ ਵਿਚ ਸਾਡੇ ਉਪਰ ਜੋ ਪਰਉਪਕਾਰ ਕੀਤਾ ਹੈ ਉਸ ਵਿਚ ਇਕ ਹੋਰ ਵਾਧਾ ਇਸ ਗਲ ਦਾ ਹੈ ਕਿ ਛੇ ਗੁਰੂ ਵਿਅਕਤੀਆਂ ਦੀ ਬਾਣੀ ਤੋਂ ਛੁਟ ਇਸ ਵਿਚ ਭਗਤਾਂ ਦੀ ਬਾਣੀ ਨੂੰ ਭੀ ਬਰਾਬਰ ਦਾ ਅਸਥਾਨ ਦਿਤਾ। ਗੁਰੂ ਬਾਣੀ ਅਤੇ ਭਗਤ ਬਾਣੀ ਦੀ ਸਮੁਚੀ ਵਿਚਾਰ ਤੋਂ ਇਕ ਬੜੀ ਸੁਆਦਲੀ ਗਲ ਸਾਹਮਣੇ ਆਉਂਦੀ ਹੈ। ਗੁਰੂ ਬਾਣੀ ਵਿਚ ਅਕਾਲ ਉਸਤਤ ਉਸਦੇ ਗੁਣ, ਉਸ ਦੇ ਵਸ ਆਉਣ ਦੇ ਸਾਧਨ, ਪ੍ਰੀਤ, ਅਤੇ ਪ੍ਰੀਤਮ ਜੀ ਦਾ ਵਰਨਣ ਹੈ। ਸੰਸਾਰ, ਸੰਤ ਗੁਰੂ, ਗੁਰੂ ਦੀ ਕਿਰਪਾ, ਬਾਰੇ ਸੰਮਪੂਰਨ ਵਿਚਾਰ ਕੀਤੀ ਗਈ ਹੈ। ਸਾਧ ਸੰਗਤ, ਕੀਰਤਨ, ਸਿਮਰਨ ਅਤੇ ਸਰਬ ਕੀ ਰੇਨ ਹੋਣ ਦੀ ਉਤਮ ਸਿਖਿਆ ਭੀ ਦਿਤੀ ਗਈ ਹੈ। ਭਾਵ, ਸਮੁਚੀ ਗੁਰੂ-ਬਾਣੀ ਉਚ ਕੋਟੀ ਦਾ ਦਰਸ਼ਨ ਹੈ ਪੂਰਨ ਸਿਧਾਂਤ ਹੈ, ਸਚਾ ਤੇ ਸੁਚਾ ਗਾਡੀ ਰਾਹ ਹੈ।

ਪਰ ਭਗਤ ਬਾਣੀ ਵਿਚ ਜਿਥੇ ਉਪਰੋਕਤ ਵਿਸ਼ਿਆਂ ਤੇ ਭੀ ਭਗਤਾਂ ਦੇ ਸਮ-ਵਿਚਾਰ ਮਿਲਦੇ ਦਿਤੇ ਗਏ ਹਨ, ਉਥੇ ਬੜੇ ਦਲੇਰ ਤੇ ਖੁਲ੍ਹੇ ਸ਼ਬਦਾਂ ਵਿਚ ਪ੍ਰੀਤਮ ਨਾਲ ਗਲਾਂ ਭੀ ਦਰਜ ਹਨ। ਵਾਹਿਗੁਰੂ ਜੀ ਅਤੇ ਭਗਤਾਂ ਵਿਚਕਾਰ ਆਮੋ-ਸਾਮ੍ਹਣੇ ਹੋਈਆਂ ਗਲਾਂ, ਗੁਰੂ ਗਰੰਥ ਸਾਹਿਬ ਜੀ ਵਿਚ ਇਕ ਬੜਾ ਅਲੋਕਿਕ ਅਤੇ ਰੋਚਕ ਵਾਧਾ ਹੈ। ਮੈਨੂੰ ਇਕ ਹਿੰਦੂ ਸਜਣ ਕਹਿਣ ਲਗਾ, ਜਿਸ ਤਰ੍ਹਾਂ ਆਮ ਲੋਕੀਂ ਇਕ ਸਿਖ ਨੂੰ ਪੁਛ ਬਹਿੰਦੇ ਹਨ, ਕਿ "ਤੁਹਾਡੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਤੇ ਬਾਕੀ ਦੀ ਭਾਰਤੀ ਫ਼ਿਲਸਫ਼ੇ ਵਿਚ ਕੀ ਅੰਤਰ ਹੈ ?" ਮੇਰਾ ਉਤਰ ਸੀ, ਬਾਕੀ ਫਿਲਸਫ਼ੇ ਮਨੁੱਖ ਦੀ ਅਕਲ ਤੇ ਦਿਮਾਗ ਦੀ ਚਤੁਰਾਈ ਦੀ ਕਾਢ ਹਨ, ਪਰ ਗੁਰਬਾਣੀ (ਸਮੇਤ ਭਗਤ ਬਾਣੀ ਦੇ) ਇਕ ਅਗੰਮੀ ਚੀਜ਼ ਹੈ। ਮੈਂ ਤਾਂ ਇਸ ਨੂੰ ਫਿਲਾਸਫੀ ਕਹਿਣ ਤੋਂ ਭੀ ਸੰਕੋਚ ਕਰਦਾ ਹਾਂ। ਇਥੇ ਤਾਂ ਆਮੋ-ਸਾਮ੍ਹਣੇ ਗਲਾਂ ਹਨ, ਉਸ ਪਿਆਰੇ ਨਾਲ ਜਿਸ ਨੂੰ ਸਾਰੇ ਫਿਲਾਸਫਰ "ਸਭ ਕਥਿ ਕਥਿ ਰਹੀ ਲੁਕਾਈ॥" ਕਥਨ ਦੀ (**stage**) ਸਟੇਜ ਤਕ ਉਰਾਰ ਰਹਿ ਗਏ। ਗੁਰਬਾਣੀ ਉਸ ਪਾਰ ਦੀਆਂ ਝਲਕੀਆਂ ਦਰਸਾਉਂਦੀ ਹੈ।



www.AKJ.Org

ਸਾਚੀ ਪ੍ਰੀਤ ਦੀਆਂ ਉਡਾਰੀਆਂ ਦਾ ਹਦ ਬੰਨਾ ਟੁਟ ਗਿਆ ਹੈ । "ਤੋਹੀ ਮੋਹੀ, ਮੋਹੀ ਤੋਹੀ ਅੰਤਰੁ ਕੈਸਾ" ਦੀ ਘਾਟੀ ਆ ਗਈ ਹੈ। ਭਗਤ ਨਾਮ ਦੇਉ ਜੀ ਸ੍ਰੀ ਅਕਾਲ ਪੁਰਖ ਜੀ ਨੂੰ ਕਹਿੰਦੇ ਹਨ—

ਬਦਹੁ ਕੀ ਨ ਹੋਡ ਮਾਧਉ ਮੋ ਸਿਉ ॥
ਠਾਕੁਰ ਤੇ ਜਨੁ, ਜਨ ਤੇ ਠਾਕੁਰ ਖੇਲ ਪਰਿਓ ਹੈ ਤੋ ਸਿਉ ॥ ਰਹਾਉ ॥
ਆਪਨ ਦੇਉ, ਦੇਹੁਰਾ ਆਪਨ, ਆਪ ਲਗਾਵੈ ਪੂਜਾ ॥
ਜਲ ਤੇ ਤਰੰਗ, ਤਰੰਗ ਤੇ ਹੈ ਜਲ, ਕਹਨ ਸੁਨਨ ਕਉ ਦੂਜਾ ॥੧॥
ਆਪਹਿ ਗਾਵੈ, ਆਪਹਿ ਨਾਚੈ, ਆਪ ਬਜਾਵੈ ਤੂਰਾ ॥
ਕਹਤ ਨਾਮਦੇਉ ਤੂੰ ਮੇਰੋ ਠਾਕੁਰ, ਜਨੁ ਊਰਾ ਤੂ ਪੂਰਾ ॥ ੨ ॥ ੨ ॥

ਭਗਤ ਜੀ ਮਾਧੋ ਨਾਲ ਪਿਆਰ ਵਿਚ (**First person** ਵਿਚ) ਆਮ੍ਹਣੇ ਜਾਮ੍ਹਣੇਖਲੋ ਕੇ ਇਉਂ ਗੱਲਾਂ ਕਰਦੇ ਪਏ ਹਨ ਜਿਵੇਂ ਮਾਧੋ ਪਰਮ ਮਿੱਤਰ ਹੁੰਦਾ ਹੈ। ਮਾਧੋ ਮੇਰੇ ਨਾਲ ਸ਼ਰਤ ਲਾ ਲਓ (ਹੋਡ=ਸ਼ਰਤ, ਬਦਹੁ ਮਿਥਨਾ) ਕਿ ਇਹ ਜੋਹੜੀ ਜਗਤ ਖੇਡ ਹੈ ਤੇਰੀ ਅਤੇ ਸਾਡੀ ਜੀਵਾਂ ਦੀ ਸਾਂਝੀ ਖੇਡ ਹੈ । ਮਾਲਕ ਹੈ ਤਾਂ ਸੇਵਕ ਹਨ ਤੇ ਜੇ ਸੇਵਕ ਹਨ ਤਾਂ ਮਾਲਕ ਭੀ ਜ਼ਰੂਰ ਹੈ। ਜੇ ਜਲ ਹੈ ਤਾਂ ਤਰੰਗਾਂ ਹਨ. ਤੇ ਜੇ ਤਰੰਗਾਂ ਉਠ ਰਹੀਆਂ ਹਨ ਤੇ ਤਾਂ ਜਲ ਦਾ ਹੋਣਾ ਯਕੀਨੀ ਹੈ ਰਹਾਉ ਤੋਂ ਬਾਦ ਦੀਆਂ ਪੰਗਤੀਆਂ ਵਿਚ "ਸਭੈ ਘਟ ਰਾਮ ਬੋਲੇ, ਰਾਮਾ ਬੋਲੇ, ਰਾਮ ਬਿਨਾ ਕੋ ਬੋਲੇ ਰੇ" ਦੇ ਭਾਵ ਲੁਪਤ ਹਨ। ਸ਼ਰਤ ਇਹ ਹੈ ਕਿ ਜੇ (ਅਸੀਂ) ਸੇਵਕ ਨਾ ਹੋਵੇ ਤਾਂ ਤੂੰ ਠਾਕੁਰ (ਮਾਲਕ) ਬਣ ਕੇ ਦਸ।

ਅਤੇ ਠਾਕੁਰ ਜੀ ਭੀ ਸ਼ਰਤ ਦਾ ਉਤਰ ਦਿੰਦੇ ਹਨ। ਇਹੋ ਜੇਹਾ ਉਤਰ ਦੁਨੀਆਂ ਦੀਆਂ ਬੌਧਿਕ (**intellectual**) ਫ਼ਿਲਾਸਫ਼ੀਆਂ ਵਿਚ ਕੀ ਮਿਲਨਾ ਹੈ ? ਇਸ ਸ਼ਬਦ ਤੋਂ ਅਗਲੇ ਸ਼ਬਦ ਵਿਚ ਠਾਕੁਰ ਜੀ ਉਤਰ ਦਿੰਦੇ ਹਨ।

ਦਾਸ ਅਨਿੰਨ ਮੇਰੋ ਨਿਜ ਰੂਪ ॥
ਦਰਸਨ ਨਿਮਖ ਤਾਪ ਤ੍ਰਈ ਮੋਚਨ,
ਪਰਸਤ ਮੁਕਤ ਕਰਤ ਗ੍ਰਿਹ ਕੂਪ ॥ ੧ ॥ ਰਹਾਉ ॥
ਮੇਰੀ ਬਾਂਧੀ ਭਗਤ ਛਡਾਵੈ, ਬਾਂਧੈ ਭਗਤ ਨ ਛੂਟੈ ਮੋਹਿ ॥
ਏਕ ਸਮੈ ਮੋ ਕਉ ਗਹਿ ਬਾਂਧੈ,
ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥ ੧।
ਮੈ ਗੁਨਬੰਧ ਸਗਲ ਕੀ ਜੀਵਨ,
ਮੇਰੀ ਜੀਵਨ ਮੇਰੇ ਦਾਸ ॥
ਨਾਮਦੇਵ ਜਾ ਕੇ ਜੀ ਐਸੀ
ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥ ੨ ॥ ੩



www.AKJ.Org

ਪ੍ਰੀਤਮ ਜੀ ਡਾਢੇ ਪਿਆਰ ਵਿਚ ਆ ਕੇ ਕਹਿੰਦੇ ਹਨ, ਨਾਮਦੇਵ ਜੀ, ਮੇਰਾ ਦਾਸ ਮੇਰਾ ਆਪਣਾ ਹੀ ਰੂਪ ਹੈ। ਅਤੇ ਉਸ ਦਾ ਇਕ ਪਲ ਦਾ ਦਰਸ਼ਨ ਤਿੰਨੇ ਤਾਪ (ਸਰੀਰਕ, ਮਾਨਸਕ ਅਤੇ ਭਰਮਾਤਮਕ) ਦੂਰ ਕਰ ਦਿੰਦਾ ਹੈ। ਉਸ ਦੇ ਚਰਨਾਂ ਦੀ ਛੁਹ ਗ੍ਰਿਹਸਤ ਦੇ ਅੰਧੇਰੇ ਖੂਹ ਵਿਚੋਂ ਕਢ ਸਕਦੀ ਹੈ। ਮੇਰੀ ਬਧੀ ਹੋਈ (ਮੋਹ ਮਾਇਆ ਦੀ) ਗੰਢ ਨੂੰ ਮੇਰਾ ਭਗਤ ਖੋਲ੍ਹ ਸਕਦਾ ਹੈ। ਪਰ ਜਦੋਂ ਮੇਰਾ (ਭਗਤ) ਦਾਸ (ਮੈਨੂੰ) ਪ੍ਰੇਮ ਦੀ ਗੰਢ ਨਾਲ ਬੰਨ੍ਹਦਾ ਹੈ ਉਹ ਮੈਥੋਂ ਖੁਲ੍ਹਦੀ ਨਹੀਂ। ਜੇ ਮੈਨੂੰ ਮੇਰਾ ਭਗਤ ਪ੍ਰੇਮ ਵਿਚ (ਇਕ ਵਾਰੀ ਭੀ) ਫੜ ਕੇ ਬੰਨ੍ਹ ਲਵੇ, ਤਾਂ ਅਗੋਂ ਮੈਂ ਕੁਝ ਵੀ ਨਹੀਂ ਕਰ ਸਕਦਾ। ਇਹ ਠੀਕ ਹੈ ਕਿ ਮੈਂ ਸਾਰੇ ਜਗਤ ਦੇ ਜੀਆਂ ਦੀ ਜ਼ਿੰਦਗੀ ਦਾ ਆਧਾਰ ਹਾਂ (ਤਿਸ ਦੇ ਚਾਨਣ ਸਭ ਮਹਿ ਚਾਨਣੁ ਹੋਇ) ਪਰ ਮੇਰੀ ਜ਼ਿੰਦਗੀ ਦਾ ਆਸਰਾ, ਮੇਰੀ ਜ਼ਿੰਦਗੀ ਦੀ ਜੋਤ, ਮੇਰੇ ਭਗਤ ਹਨ। ਹੇ ਨਾਮਦੇਵ ਜੀ, ਜਿਸ ਦੇ ਅੰਦਰ ਇਹੋ ਜਹੀ ਗਿਆਨ ਸੋਚ ਆ ਗਈ, ਇਹ ਕਸਵਟੀ ਹੈ ਕਿ ਉਸ ਸੇਵਕ ਦੇ ਮਨ ਵਿਚ ਮੇਰੇ ਲਈ ਉਤਨਾ ਵੱਡਾ ਪ੍ਰੇਮ ਦਾ ਹੁਲਾਸ ਹੋਵੇਗਾ।

ਨਾਮਦੇਵ ਜੀ ਦੀਆਂ ਗੁਹਜ ਗਲਾਂ, ਬਾਣੀ ਵਿਚੋਂ ਪੜ੍ਹ ਕੇ ਕਿਤੇ ਸਾਡੇ ਕਠੋਰ ਹਿਰਦੇ ਭੀ ਨਰਮ ਹੋ ਜਾਣ। ਸਾਡੇ ਮਨ ਨੂੰ ਵੀ ਇਹ ਧਾਰਸ ਬੱਝਦੀ ਹੈ ਕਿ ਵਾਹਿਗੁਰੂ ਹੈ, ਮਾਲਕ ਹੈ, ਅਸੀਂ ਉਸ ਦੇ ਸੇਵਕ ਹਾਂ। ਉਸ ਦੇ ਪਿਆਰਿਆਂ ਦੇ ਦਰਸ਼ਨ, ਮਾਲਕ ਦੇ ਦਰਸ਼ਨ ਹਨ।

ਨਾਮਦੇਵ ਜੀ ਦੇ ਹੋਰ ਵਧੇਰੇ ਦਰਸ਼ਨ ਅਗਲੀ ਕਿਸ਼ਤ ਵਿਚ ਕਰਾਂਗੇ। ਪਰਸੰਗ ਵੱਡਾ ਹੈ।

————

## ਇਕ ਜ਼ਰੂਰੀ ਬੇਨਤੀ

ਪਾਠਕਾ ਦਾ ਇਕ ਨਵਾ ਰਜਿਸਟਰ ਤਿਆਰ ਕਰ ਲਿਆ ਗਿਆ ਹੈ । ਇਸ ਵਿਚ ਕੁਝ ਪਾਠਕਾਂ ਨੂੰ ਨਵੇਂ ਚਿਟ ਨੰਬਰ ਦਿਤੇ ਗਏ ਹਨ। ਆਪ ਆਪਣਾ ਨਵਾਂ ਚਿਟ ਨੰਬਰ ਨੋਟ ਕਰੋ ਅਤੇ ਸਾਡੇ ਨਾਲ ਚਿੱਠੀ ਪੱਤਰ ਕਰਨ ਵਿਚ ਇਸ ਦਾ ਜ਼ਰੂਰ ਹਵਾਲਾ ਦਿਓ। ਬਿਨਾਂ ਚਿਟ ਨੰਬਰ ਦੇ ਤੁਹਾਡੇ ਪੱਤਰ ਦਾ ਉੱਤਰ ਦੇਣਾ ਮੁਸ਼ਕਲ ਹੋ ਜਾਂਦਾ ਹੈ।

ਜੇ ਆਪ ਜੀ ਦਾ ਚੰਦਾ ਸਮਾਪਤ ਹੋ ਚੁਕਾ ਹੈ ਤਾਂ ਆਪ ਕਿਰਪਾ ਕਰ ਕੇ ਚੰਦਾ ਛੇਤੀ ਭੇਜੋ।

'ਸੂਰਾ' ਆਪ ਜੀ ਦਾ ਹੀ ਪਰਚਾ ਹੈ ਅਤੇ ਆਪ ਜੀ ਦੀ ਸਰਪਰਸਤੀ ਹੇਠ ਸੰਗਤਾਂ ਦੀ ਸੇਵਾ ਕਰ ਰਿਹਾ ਹੈ। ਜਿਨ੍ਹਾਂ ਪਾਠਕਾਂ ਨੂੰ ਛੇ ਮਹੀਨਿਆਂ ਤੋਂ ਪਰਚਾ ਜਾ ਰਿਹਾ ਹੈ ਤੇ ਅਜੇ ਭੀ ਉਹਨਾਂ ਦੇ ਚੰਦੇ ਨਹੀਂ ਆ ਰਹੇ ਉਹ ਕਿਰਪਾ ਕਰ ਕੇ ਸਾਨੂੰ ਛੇਤੀ ਛੇਤੀ ਆਪਣੇ ਚੰਦੇ ਭੇਜਨ ਤਾਕਿ ਅਸੀਂ ਉਹਨਾਂ ਦੀ ਸੇਵਾ ਕਰਦੇ ਰਹੀਏ।

—ਦਾਸ ਐਡੀਟਰ



www.AKJ.Org

# ਸਿੱਖ ਇਤਿਹਾਸ ਤੇ ਵਿਸਾਖੀ

(ਗਿਆਨੀ ਜਸਮੇਰ ਸਿੰਘ ਪਾਲ)

ਸਿੱਖ ਇਤਿਹਾਸ ਦਾ ਵਿਸਾਖੀ ਨਾਲ ਅਟੁੱਟ ਸਬੰਧ ਹੈ। ਸਾਡੇ ਇਤਿਹਾਸ ਦੀਆਂ ਮਹਤਵ ਪੂਰਤ ਘਟ-ਨਾਵਾਂ ਵਿਸਾਖੀ ਨਾਲ ਜੁੜੀਆਂ ਹਨ। ਸਿਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਸੁਦੀ ਤਿੰਨ ੧੪੬੯ ਈ: ਬਿਕਰਮੀ ਸੰਮਤ ੧੫੨੬ ਨੂੰ ਹੋਇਆ ਸੀ। ਇਸ ਸਬੰਧੀ ਪੁਰਾਤਨ ਜਨਮ ਸਾਖੀ ਦਾ ਲਿਖਾਰੀ ਇਸ ਪਰਕਾਰ ਲਿਖਦਾ ਹੈ :—

"ਸ੍ਰੀ ਸਤਗੁਰੂ ਜੀ ਜਗਤੁ ਨਿਸਤਾਰਣ ਕੁ ਆਇਆ। ਕਲਿਜੁਗ ਵਿਚ ਬਾਬਾ ਨਾਨਕ ਹੋਇ ਜਨਮਿਆ ਪਾਰਬ੍ਰਹਮਿ ਕਾ ਨਿਜ ਭਗਤ। ਸਤਿਗੁਰ ਪ੍ਰਸਾਦਿ। ਸੰਮਤ ੧੫੨੬। ਬਾਬਾ ਨਾਨਕ ਜਨਮਿਆ। ਵੈਸਾਖ ਮਾਹਿ ਤ੍ਰਿਤਿਆ ਚਾਨਣੀ ਰਾਤਿ ਅਮ੍ਰਿਤ ਵੇਲਾ ਪਹੁਰ ਰਾਤਿ ਰਹਿੰਦੀ ਕੁ ਜਨਮਿਆ।"

(ਪੁਰਾਤਨ ਜਨਮ ਸਾਖੀ)

ਭਾਈ ਗੁਰਦਾਸ ਜੀ ਦੀ ਪੱਕੀ ਗੁਆਹੀ ਅਨੁਸਾਰ ਸਤਗੁਰ ਨਾਨਕ ਦੇਵ ਜੀ ਦਾ ਜਨਮ ਵੈਸਾਖੀ ਨੂੰ ਹੋਇਆ

ਹੋਵਹਿ ਕੀਰਤਨ ਸਦਾ ਵਸੋਆ
ਗੁਰਮੁਖ ਕਲਿ ਵਿਚ ਪ੍ਰਗਟ ਹੋਆ।
ਸਤਗੁਰ ਨਾਨਕ ਪਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ।

ਅਜੇ ਤੀਕ ਸਿੱਖ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਕਤਕ ਦੀ ਪੂਰਨਮਾਸ਼ੀ ਨੂੰ ਮਨਾਉਂਦੇ ਹਨ। ਜੋ ਗਲਤ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਸਤਗੁਰੂ ਜੀ ਦਾ ਜਨਮ ਕਤਕ ਦੀ ਪੂਰਨਮਾਸੀ ਨੂੰ ਲਿਖਿਆ ਹੈ ਜੋ ਪਰਮਾਣਿਕ ਨਹੀਂ। ਅਜੇ ਤੀਕ ਸਿਖਾਂ ਨੂੰ ਸਤਗੁਰੂ ਜੀ ਦਾ ਆਗਮਨ ਗੁਰਪੁਰਬ ਮਨਾਣ ਦੀ ਜਾਚ ਨਹੀਂ ਆਈ। ਗਲਤ ਪਰੰਪਰਾ ਚਲੀ ਜਾ ਰਹੀ ਹੈ। ਕਰਮ ਸਿੰਘ ਹਿਸਟੋਰੀਅਨ ਦੀ ਪੁਸਤਕ 'ਕਤਕ ਕਿ ਵਿਸਾਖ' ਇਸ ਸਬੰਧ ਵਿਚ ਵਿਚਾਰਨ ਜੋਗ ਹੈ। ਪ੍ਰਸਿਧ ਇਤਿਹਾਸਕਾਰ ਕਰਮ ਸਿੰਘ ਜੀ ਹਿਸਟੋਰੀਅਨ ਨੇ ਕਤਕ ਕਿ ਵਿਸਾਖ ਪੁਸਤਕ ਵਿਚ ਸਪਸ਼ਟ ਭਾਂਤ ਇਸ ਗਲ ਦਾ ਨਿਰਣਾ ਕਰ ਦਿਤਾ ਹੈ ਕਿ ਸਤਗੁਰ ਨਾਨਕ ਦੇਵ ਜੀ ਦਾ ਜਨਮ ਵਿਸਾਖੀ ਨੂੰ ਹੋਇਆ। 'ਕਤਕ ਕਿ ਵਿਸਾਖ' ਇਤਹਾਸਕ ਖੋਜ ਦੀ ਅਦੁੱਤੀ ਰਚਨਾ ਹੈ। ਹਰ ਸੰਮਤ ਤਰੀਕ, ਪਰਵਿਸਟੇ, ਤਿਥਾਂ, ਪ੍ਰਣਾਲੀਆਂ ਨੂੰ ਜਿਸ ਸੂਝ ਪੂਰਤ ਢੰਗ ਨਾਲ ਸਰਦਾਰ ਕਰਮ ਸਿੰਘ ਜੀ ਨੇ ਘੋਖਿਆ ਹੈ, ਸਿਟੇ ਕਢੇ ਹਨ, ਉਸ ਦੀ ਜਿੰਨੀ ਸਲਾਘਾ ਕੀਤੀ ਜਾਵੇ ਥੋੜੀ ਹੈ। ਪਰੰਤੂ ਸਿੱਖਾਂ ਵਿਚ ਅਜੇ ਤਕ ਗੜਬੜ ਤੁਰੀ ਆ ਰਹੀ ਹੈ। ਜਨਮ ਦਿਨ ਅਸਲ ਦਿਨ ਮਨਾਣ ਦੀ ਥਾਂ ਕੱਤਕ ਦੀ ਪੂਰਨਮਾਸ਼ੀ ਨੂੰ ਮਨਾਇਆ ਜਾ ਰਿਹਾ ਹੈ ਜੋ ਇਤਹਾਸਕ ਤੱਥਾਂ ਤੋਂ ਪ੍ਰਤੀਕੂਲ ਹੈ। ਇਨੀ ਕੁ ਗੱਲ ਅਸੀਂ ਅਜੇ ਤਕ ਸਿਧੀ ਨਹੀਂ ਕਰ ਸਕੇ। ਪਛਮੀ ਦੇਸ਼ਾਂ (ਈਸਾਈ ਤੇ ਯਹੂਦੀ ਲੋਕਾਂ) ਨੇ ਅਪਣੀਆਂ ਤਰੀਕਾਂ ਠੀਕ ਕਰ ਲਈਆਂ ਹਨ। ਸਿੱਖ



www.AKJ.Org

ਅਜੇ ਇਤਹਾਸਕ ਪੱਖ ਤੋਂ ਪਛੜੇ ਹੋਏ ਹਨ। ਇਸ ਪਾਸੇ ਸਾਨੂੰ ਹੰਭਲਾ ਮਾਰਨਾ ਚਾਹੀਦਾ ਹੈ।

ਸਿੱਖ ਇਤਿਹਾਸ ਵਿਚ ਵੈਸਾਖ ਮਹੀਨੇ ਦਾ ਵਿਸ਼ੇਸ਼ ਸਥਾਨ ਹੈ ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੈਸਾਖ ਦੇ ਮਹੀਨੇ ਵਿਚ ਹੋਇਆ ਉਥੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸ਼ੁਭ ਆਗਮਨ ਵੈਸਾਖ ਸੁਦੀ ਇਕ ਸੰਮਤ ੧੫੬੧ ਨੂੰ ਸ੍ਰੀ ਗੁਰੂ ਅਮਰਦਾਸ ਜੀ ਦਾ ਵਿਸਾਖ ਸੁਦੀ ੧੪, ੧੫੨੬ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਵੈਸਾਖ ਵਦੀ ੭ ਸੰਮਤ ੧੬੨੦ ਨੂੰ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਵੈਸਾਖ ਵਦੀ ੫ ਸੰਮਤ ੧੬੧੮ ਨੂੰ ਜਨਮ ਹੋਇਆ। ਸੰਮਤ ੧੭੫੬ ਦੀ ਵਿਸਾਖੀ ਵਾਲੇ ਪਾਵਨ ਦਿਵਸ ਉਤੇ ਅਕਾਲ ਪੁਰਖ ਦੇ ਸੂਰਬੀਰ ਸਪੁਤਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਵਿਖੇ ਆਪਣੇ ਨਾਦੀ ਪੁਤਰ ਖਾਲਸੇ ਦੀ ਸਿਰਜਨਾ ਕੀਤੀ। ਖੰਡਾ ਕੁਲ ਛਤਰੀਆਂ ਦੀ ਸਾਜਨਾ ਕੀਤੀ। ਪੰਜਾਹ ਹਜ਼ਾਰ ਤੋਂ ਵਧ ਦੀ ਗਿਣਤੀ ਵਿਚ ਇਕਤਰ ਹੋਏ ਸਿੱਖਾਂ ਦੇ ਇਕਠ ਵਿਚ ਕਲਗੀਧਰ ਦਸਮੇਸ਼ ਪਿਤਾ ਨੇ ਅਜੀਬ ਕੌਤਕ ਰਚਿਆ। ਸੀਸ ਭੇਟ ਦਾ ਇਨਕਲਾਬ ਸੀ। ਯਾਰਾਂ ਮਹੀਨੇ ਯਾਰਾਂ ਘੜੀਆਂ ਯਾਰਾਂ ਦਿਨਾਂ ਦੀ ਦਿਲਗੀਰ ਅਵਸਥਾ ਵਿਚੋਂ ਨਿਕਲਕੇ ਇਕ ਦਿਲ ਜੋਰ ਅਵਸਥਾ ਵਿਚ ਪਰਗਟ ਹੋਏ। ਹੱਥ ਵਿਚ ਚਮਕਦੀ ਨੰਗੀ ਤਲਵਾਰ ਲੈ ਕੇ ਗਰਜਵੀਂ ਅਵਾਜ ਵਿਚ ਬੋਲੇ—

ਹੈ ਕੋਈ ਸਿਖ ਕਾ ਬੇਟਾ<br>
ਜੋ ਸੀਸ ਕਰੇ ਭੇਟਾ<br>
ਜਲਦੀ ਜਲਦੀ ਆਈਏ<br>
ਅਬੀ ਬਹੁਤ ਸੀਸ ਚਾਹੀਏ।

ਨਾਨਕ ਪੰਥੀਆਂ ਦੀ ਅਜ਼ਮਾਇਸ਼ ਹੋਣ ਲਗੀ। ਸਟੇਜ ਉਤੇ ਪੰਥ ਦੇ ਵਾਲੀ ਦੀ ਨੰਗੀ ਤਲਵਾਰ ਚਮਕਾਰੇ ਮਾਰਦੀ ਹੋਈ ਸੀਸ ਮੰਗ ਰਹੀ ਸੀ। ਦਿਮਾਗੀ ਫਿਲਾਸ-ਫਰ ਗੁਰੂ ਪਾਤਸ਼ਾਹ ਦੇ ਇਸ ਨਿਰਾਲੇ ਕੌਤਕ ਨੂੰ ਕੀ ਸਮਝਣ। ਦਲੀਲਾਂ ਵਿਚ ਇਹ ਸੌਦਾ ਹੀ ਨਹੀਂ ਸੀ। ਇਥੇ ਤਾਂ ਹੁਕਮ ਮੰਨਣ ਦੀ ਖੇਡ ਸੀ। ਸਿੱਖੀ ਜਜ਼ਬੇ ਦੀ ਲੋੜ ਸੀ, ਲੋੜ ਸੀ

ਤਨ ਮਨ ਧਨ ਸਭ ਸਉਪ ਗੁਰ ਕੋ<br>
ਹੁਕਮ ਮੰਨਿਆ ਪਾਇਆ

ਦੇ ਪਾਂਧੀਆਂ ਦੀ। ਗੁਰੂ ਨਾਨਕ ਦੇਵ ਜੀ ਦੇ ਸਮੇਂ ਇਕ ਭਾਈ ਲਹਿਣਾ ਜੀ ਨਿਤਰੇ ਸਨ ਹੁਣ ਪੰਜ ਵਾਰੋ ਵਾਰੀ ਨਿਤਰੇ। ਸਤਗੁਰੂ ਦੀ ਇਸ ਅਚਾਨਕ ਮੰਗ ਨਾਲ ਮੌਤ ਵਾਂਗ ਸਨਾਟਾ ਛਾ ਗਿਆ। ਹਜ਼ੂਰ ਨੇ ਜਦ ਤੀਜੀ ਵਾਰ ਅਲੌਕਿਕ ਮੰਗ ਦੁਹਰਾਈ ਤਾਂ ਭਾਈ ਦਇਆ ਸਿੰਘ ਜੀ ਗੱਲ ਵਿਚ ਪੱਲਾਂ ਪਾਈ ਅਗੇ ਹੋਏ ਜੋਦੜੀ ਕਰਨ ਲਗੇ "ਗੁਰੂ ਪਿਤਾ ਜੀ ਮੈਂ ਜਿਸ ਦਿਨ ਤੋਂ ਆਪ ਜੀ ਦੇ ਦਸੇ ਮਾਰਗ ਉਤੇ ਪੈਰ ਧਰਿਆ ਹੈ ਇਹ ਸੀਸ ਉਸ ਦਿਨ ਤੋਂ ਹਜ਼ੂਰ ਦਾ ਹੋ ਗਿਆ ਹੈ। ਸੀਸ ਹਾਜਰ ਹੈ ਗੁਰੂ ਪਿਤਾ ਜੀ ! ਸਤਗੁਰ ਬਾਂਹੋ ਫੜ ਕੇ ਤੰਬੂ ਵਿਚ ਲੈ ਗਏ ਜੋ ਚਾਰੇ ਪਾਸਿਓਂ ਬਿਲਕੁਲ ਬੰਦ ਸੀ। ਇਸ ਤਰ੍ਹਾਂ ਸਤਗੁਰੂ ਜੀ ਚਾਰ ਵਾਰੀਂ ਹੋਰ ਸਿੱਖਾਂ ਦੇ ਇਤਹਾਸਕ ਇਕਠ ਵਿਚ ਆਏ ਉਨ੍ਹਾਂ ਨੂੰ ਚਾਰ ਸੀਸ ਹੋਰ ਭੇਟ ਹੋਏ। ਅੰਦਰੋਂ ਲਹੂ ਦੀ ਧਾਰ ਬਾਹਰ ਆਈ। ਪੰਜ ਪਿਆਰੇ ਸੀਸ ਲੇ ਕੇ ਚੁਣੇ ਗਏ। ਪੰਜਾਂ ਨੂੰ ਨਵਾਂ ਜੀਵਨ ਬਖ-ਸ਼ਿਆ। ਖੰਡੇ ਦੀ ਪਾਹੁਲ ਤਿਆਰ ਕੀਤੀ ਗਈ। ਪਹਿਲਾਂ ਗੁਰਦੇਵ ਨੇ ਪੰਜਾਂ ਨੂੰ ਅੰਮ੍ਰਿਤ ਛਕਾਇਆ ਫਿਰ ਆਪ ਉਨ੍ਹਾਂ ਕੋਲੋਂ ਛਕਿਆ। ਗੁਰੂ ਚੇਲੇ ਨੂੰ ਅਭੇਦ ਕਰ ਦਿਤਾ। ਅੰਮ੍ਰਿਤ ਛਕ ਕੇ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਬਣੇ। ਸੰਸਾਰ ਦੇ ਧਾਰਮਕ ਇਤਹਾਸ ਵਿਚ ਇਕ ਨਵੀਂ ਲੀਹ ਤੋਰ ਦਿਤੀ। ਸੰਸਾਰ ਦੇ ਸਮੁਚੇ ਇਤਹਾਸ 'ਚ ਕੋਈ ਵੀ ਪੈਗੰਬਰ ਜਾਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ



www.AKJ.Org

ਵਾਂਗ ਅਪਣੀ ਉਮਤ ਅਗੇ ਅੰਮ੍ਰਿਤ ਲੈਣ ਲਈ ਨਹੀਂ ਝੁਕਿਆ। ਇਹ ਇਕ ਅਨੋਖਾ ਤੇ ਨਵਾਂ ਤਜਰਬਾ ਸੀ ਆਪ ਜੀ ਤੋਂ ਪਹਿਲੇ ਪੀਰ ਪੈਗੰਬਰ ਜਾਂ ਧਾਰਮਕ ਆਗੂ ਆਪਣੇ ਚੇਲਿਆਂ ਤੋਂ ਅਪਣੀ ਪੂਜਾ ਕਰਵਾਉਂਦੇ ਰਹੇ, ਚੇਲਿਆਂ ਨੂੰ ਆਪਣੇ ਆਪ ਤੋਂ ਨੀਵਾਂ ਰਖਦੇ ਰਹੇ।

ਸਭ ਅਪਨੀ ਅਪਨੀ ਉਰਝਾਨਾ।
ਪਾਰ ਬ੍ਰਹਮ ਕਾਹੂੰ ਨ ਪਛਾਨਾ।
(ਬਚਿਤਰ ਨਾਟਕ)

ਪਰ ਇਹ ਇਕ ਨਵਾਂ ਇਨਕਲਾਬੀ ਐਲਾਨ ਸੀ। ਜਮਹੂਰੀਅਤ ਦਾ ਮੀਲ ਪਥਰ ਸੀ। ਸਾਹਿਬੇ ਕਮਾਲ ਮਰਦ ਅੰਗਮੜੇ ਨੇ ਸਖਸ਼ੀਪੁਣੇ ਨੂੰ ਕਟ ਕੇ ਖਾਲਸੇ ਨੂੰ ਗੁਰੂ ਵਿਚ, ਗੁਰੂ ਨੂੰ ਖਾਲਸੇ ਵਿਚ ਅਭੇਦ ਕਰ ਦਿਤਾ। ਖਾਲਸੇ ਦੀ ਵਾਰ ਵਿਚ ਗੁਰਦਾਸ ਸਿੰਘ ਕਵੀ ਨੇ ਇਸ ਦੀ ਸਾਖੀ ਭਰੀ ਹੈ।

ਵਹਿ ਪਰਗਟਿਓ ਮਰਦ ਅਗੰਮੜਾ
ਵਰਿਆਮ ਅਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ
ਆਪੇ ਗੁਰੂ ਚੇਲਾ।

ਤਾਕਤ ਦਾ ਨਸ਼ਾ ਆਦਮੀ ਨੂੰ ਵਿਗਾੜਦਾ ਹੈ। ਪੂਰੀ ਤਾਕਤ ਮਨੁਖ ਦਾ ਪੂਰਨ ਵਿਨਾਸ ਕਰ ਦਿੰਦੀ ਹੈ। ਪਛਮ ਦਾ ਇਕ ਲੇਖਕ ਇਸ ਸਬੰਧ ਵਿਚ ਲਿਖਦਾ ਹੈ

"Power pollutes the person absolutely power pollutes absolutely."

ਪਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ਖਸੀ ਗੁਰਿਆਈ ਦੀ ਥਾਂ ਖਾਲਸੇ ਨੂੰ ਗੁਰਿਆਈ ਬਖਸ਼ੀ। ਜਿਥੇ ਵੀ ਪੰਜ ਸਿੰਘ ਇਕਠੇ ਹੋਣਗੇ ਉਥੇ ਮੈਂ ਹੋਵਾਂਗਾ। ਇਹ ਸਿੱਖੀ ਦੀ ਅਧਾਰ ਸਿਲਾ ਸੀ

ਪੰਚਹੁ ਮੇ ਨਿਤ ਵਰਤਤ ਮਹਿ ਹਉ
ਪੰਚ ਮਿਲੇ ਸੇ ਪੀਰਨ ਪੀਰ

ਖਾਲਸੇ ਨੂੰ ਆਪਣਾ ਰੂਪ ਕਰਾਰ ਦਿਤਾ। ਇਕ ਲੇਖਕ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਾਜੇ ਹੋਏ ਖਾਲਸੇ ਨੂੰ ਵੇਖ ਕੇ ਬਾਗ ਬਾਗ ਹੋ ਗਏ ਜਿਵੇਂ ਮਾਲੀ ਆਪਣੇ ਲਾਏ ਹੋਏ ਬੂਟਿਆਂ ਨੂੰ ਵੇਖ ਕੇ ਖੇੜੇ ਵਿਚ ਆ ਜਾਂਦਾ ਹੈ। ਪਹਿਲਾਂ ਪੰਜ ਚੁਣੇ ਸਨ ਫਿਰ ਪੰਝੀ ਫਿਰ ਪੰਝੀ ਹਜ਼ਾਰ। ਥੋੜੇ ਦਿਨਾਂ ਵਿਚ ਹੀ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੇ ਅੰਮ੍ਰਿਤ ਛਕਿਆ। ਖਾਲਸਾ ਦੇਸ ਦੇ ਹਰ ਭਾਗ ਵਿਚ ਖਿਲਰ ਗਿਆ।

ਖਾਲਸੇ ਦੀ ਸਤਗੁਰਾਂ ਨੇ ਉਸਤਤ ਕੀਤੀ। ਖਾਲਸੇ ਦੀ ਮਹਿਮਾ ਗਾਈ। ਗੁਰੂ ਜੀ ਅਨੁਸਾਰ ਜੁੱਧ ਮੈਂ ਖਾਲਸੇ ਦੀ ਕਿਰਪਾ ਨਾਲ ਜਿਤੇ ਹਨ। ਤੀਰਥ ਧਾਮ ਸਭ ਇਨਾਂ ਦੀ ਕਿਰਪਾ ਨਾਲ ਕੀਤੇ ਹਨ। ਮੈਂ ਇਨਾਂ ਦੀ ਕਿਰਪਾ ਨਾਲ ਸਜਿਆ ਹਾਂ। ਸਿਖਿਆ ਦਾਤੇ ਮੇਰੇ ਇਹੋ ਹਨ। ਮੇਰਾ ਖਾਸ ਰੂਪ ਖਾਲਸਾ ਹੈ। ਮੇਰਾ ਵਾਸਾ ਅੰਮ੍ਰਿਤਧਾਰੀ ਖਾਲਸੇ ਵਿਚ ਹੈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਸਾਖੀ ਦੀ ਸਪਿਰਟ ਹੋਂਦ ਵਿਚ ਆ ਚੁਕੀ ਸੀ। ਗੁਰੂ ਨਾਨਕ ਦੇਵ ਜੀ ਜਿਥੇ ਵੀ ਗਏ ਧਰਮਸਾਲਾਂ ਬਣਵਾਈਆਂ। ਸੰਗਤਾਂ ਕਾਇਮ ਕੀਤੀਆਂ। ਗੁਰੂ ਨਾਨਕ ਦੇਵ ਜੀ ਦੀ ਬਣਾਈ ਹੋਈ ਸੰਗਤ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੰਥ ਦਾ ਰੂਪ ਧਾਰ ਲਿਆ। ਸੰਗਤ ਖਾਲਸਾ ਬਣ ਗਈ।

ਗੁਰ ਸੰਗਤ ਕੀਨੀ ਖਾਲਸਾ
ਮਨਮੁਖੀ ਦੁਹੇਲਾ
ਪੀਵਹੁ ਪਾਹੁਲ ਖੰਡੇ ਧਾਰ
ਹੋਇ ਜਨਮ ਸੁਹੇਲਾ
(ਖਾਲਸੇ ਦੀ ਵਾਰ—ਗੁਰਦਾਸ ਸਿੰਘ)



www.AKJ.Org

ਸੰਗਤ ਇੱਕੀ ਵਿਸਵੇ ਗੁਰੂ ਵੀਹ ਵਿਸਵੇ ਕਰਾਰ ਦਿਤਾ ਗਿਆ ਕਿਉਂ ਜੁ ਸੰਗਤ ਵਿਚ ਗੁਰੂ ਵੀ ਆ ਜਾਂਦਾ ਹੈ ਸੰਗਤ ਤਾਂ ਹੈ ਹੀ। ਖਾਲਸੇ ਦੀ ਸਾਜਨਾ ਦੀ ਅਸਲ ਮਿਤੀ ੩੦ ਮਾਰਚ ੧੬੯੯ ਈ: ਹੈ । ਇਸ ਦਿਨ ਭਾਰਤ ਦੀ ਅਜ਼ਾਦੀ ਦੀ ਸੜਕ ਬਣੀ। ਖਾਲਸੇ ਦੇ ਗੁਰਮਤੇ ਹੋਣ ਲਗੇ । ਖਾਲਸੇ ਦਾ ਗੁਰਮਤਾ ਆਪਣੀ ਮਿਸਾਲ ਆਪ ਸੀ। ਸਭ ਤੋਂ ਪਹਿਲਾ ਗੁਰਮਤਾ ੧੭੦੪ ਈ: ਵਿਚ ਚਮਕੌਰ ਦੀ ਗੜ੍ਹੀ ਵਿਚ ਹੋਇਆ ਜਿਸ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੜ੍ਹੀ ਛਡ ਜਾਣ ਦੀ ਪੇਸ਼ਕਸ਼ ਪੰਜਾਂ ਪਿਆਰਿਆਂ ਨੇ ਕੀਤੀ ਸੀ। ਇਸ ਤਰ੍ਹਾਂ ਵਡੇ ਘਲੂਘਾਰੇ ਜਾਂ ਮਿਸਲਾਂ ਦੇ ਸਮੇਂ ਗੁਰਮਤੇ ਹੁੰਦੇ ਰਹੇ ਜਿਨ੍ਹਾਂ ਵਿਚ ਵੈਰੀਆਂ ਦੇ ਵਿਰੁਧ ਲੜਨ ਲਈ ਸਿੰਘ ਸਾਂਝੇ ਤੌਰ ਤੇ ਫੈਸਲੇ ਕਰਦੇ। ਗੁਰਮਤਾ ਪੰਜਾਂ ਪਿਆਰਿਆਂ ਦੀ ਕੌਂਸਲ ਦੇ ਪੇਸ਼ ਹੁੰਦਾ ਜੋ ਫੈਸਲਾ ਸਰਬ ਸੰਮਤੀ ਨਾਲ ਹੋ ਜਾਂਦਾ ਸਭ ਨੂੰ ਮੰਨਣਾ ਪੈਂਦਾ ਸੀ। ਸਭ ਤੋਂ ਆਖਰੀ ਗੁਰਮਤਾ ੧੮੦੫ ਈਸਵੀ ਵਿਚ ਰਣਜੀਤ ਸਿੰਘ ਨੇ ਕੀਤਾ। ਸਿੱਖ ਰਾਜ ਦੇ ਕਾਇਮ ਹੋ ਜਾਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਗੁਰਮਤੇ ਦੀ ਪਰਣਾਲੀ ਬੰਦ ਕਰ ਦਿਤੀ ਸੀ। ਬਹੁਤੇ ਗੁਰਮਤੇ ਅਕਾਲ ਤਖਤ ਉਤੇ ਹੁੰਦੇ ਰਹੇ। ਕੋਈ ਸਮਾਂ ਸੀ ਸਿੰਘਾਂ ਦੇ ਗੁਰਮਤਿਆਂ ਤੋਂ ਕਾਬਲ ਕੰਧਾਰ ਦੇ ਜਰਵਾਣੇ ਕੰਬ ਜਾਂਦੇ ਸਨ। ਸਿੰਘ ਜਿਧਰ ਪੈਂਦੇ ਸਨ ਡਾਢੇ ਜੋਸ਼ ਨਾਲ ਪੈਂਦੇ ਸਨ।

ਮੈਕਾਲਫ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਫਲਤਾ ਦਾ ਅੰਦਾਜ਼ਾ ਇਸ ਪ੍ਰਕਾਰ ਲਾਉਂਦਾ ਹੈ :—

"ਗੁਰੂ ਗੋਬਿੰਦ ਸਿੰਘ ਵਿਚ ਇਕ ਜਾਦੂ ਵਰਗੀ ਤਾਕਤ ਸੀ। ਉਹਨਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ। ਉਹਨਾਂ ਨੇ ਆਮ ਡਿਗੇ ਹੋਏ ਤੇ ਲਤਾੜੇ ਹੋਏ ਲੋਕਾਂ ਨੂੰ ਸੰਸਾਰ ਦੇ ਪ੍ਰਸਿਧ ਯੋਧੇ ਬਣਾ ਦਿਤਾ। ਸਿੱਖ ਗੁਰੂਆਂ ਤੋਂ ਪਹਿਲਾਂ ਕਿਸੇ ਜਰਨੈਲ ਨੇ ਲਤਾੜੇ ਹੋਏ ਆਦਮੀਆਂ ਨੂੰ ਜਥੇਬੰਦ ਕਰਨ ਦਾ ਖਿਆਲ ਤਕ ਨਹੀਂ ਸੀ ਕੀਤਾ। ਜਿਹਨਾਂ ਨੂੰ ਗੁਆਂਢੀ ਦੁਰਕਾਰਦੇ ਰਹੇ ਸਨ।"

'ਸੀ ਐਚ ਪੇਨ'—ਮੈਕਾਲਫ ਜੀ ਤੋਂ ਵੀ ਅਗਾਂਹ ਲੰਘ ਜਾਂਦਾ ਹੈ। ਉਹ ਲਿਖਦਾ ਹੈ—

"ਗੁਰੂ ਗੋਬਿੰਦ ਸਿੰਘ ਪਹਿਲੇ ਨੇਤਾ ਹੋਏ ਹਨ ਜਿਹਨਾਂ ਲੋਕ ਰਾਜ ਨੂੰ ਰਾਜਸੀ ਤੇ ਧਾਰਮਕ ਖੇਤਰਾਂ ਵਿਚ ਅਮਲੀ ਸ਼ਕਲ ਦੇ ਕੇ ਅਪਣਾਇਆ। ਇਸ ਤਰਾਂ ਆਪ ਜੀ ਨੇ ਜਥੇਬੰਦ ਧਰਮ ਨੂੰ ਪੰਚਾਇਤੀ ਅਸੂਲਾਂ ਦੇ ਅਧੀਨ ਕਰਕੇ ਹਰ ਵਿਅਕਤੀ ਨੂੰ ਆਪਣਾ ਸਵੈਮਾਨ ਪੂਰੀ ਤਰਾਂ ਮਾਨਣ ਦਾ ਅਵਸਰ ਦਿਤਾ।"

ਗੁਰੂ ਜੀ ਦੇ ਖਾਸ ਰੂਪ ਖਾਲਸੇ ਅਥਵਾ ਪੰਥ ਖਾਲਸੇ ਦੀ ਅਦੁਤੀ ਸਖਸ਼ੀਅਤ ਵਿਸਾਖੀ ਨੂੰ ਘੜੀ ਗਈ। ਇਸ ਦਿਨ ਬਾਦਸ਼ਾਹੀ ਨਹੀਂ ਬਦਲੀ ਜਨਤਾ ਬਦਲੀ ਜਨਤਾ ਉਠ ਕੇ ਕਿਧਰੇ ਨਹੀਂ ਗਈ। ਜਨਤਾ ਦਾ ਦਿਮਾਗੀ ਸੰਤੁਲਨ ਬਦਲਿਆ। ਪਰਜਾਤੰਤਰ ਦਾ ਮੁਢ ਬੰਨਿਆ ਗਿਆ। ਕੋਈ ਪੈਕੰਬਰਾਂ ਦੇ ਦਿਨ ਮਨਾਉਂਦਾ ਹੈ ਕੋਈ ਰਹਿਬਰਾਂ ਦੇ, ਖਾਲਸਾ ਸਮੁਚੀ ਕੌਮ ਦਾ ਜਨਮ ਦਿਨ ਮਨਾਉਂਦਾ ਹੈ। ਇਸ ਦਿਨ ਕੌਮ ਨੇ ਜਨਮ ਲਿਆ। ਇਕ ਲੇਖਕ ਲਿਖਦਾ ਹੈ ਗੁਰੂ ਗੋਬਿੰਦ ਸਿੰਘ ਆਪਣੇ ਖਾਲਸੇ ਨੂੰ ਵੇਖ ਕੇ ਬਾਗ ਬਾਗ ਹੋਇਆ ਜਿਵੇਂ ਇਕ ਮਾਲੀ ਆਪਣੇ ਲਾਏ ਬੂਟਿਆਂ ਨੂੰ ਵੇਖ ਕੇ ਬਾਗ ਬਾਗ ਹੁੰਦਾ ਹੈ। ਪਹਿਲਾਂ ਪੰਜ ਚੁਣੇ, ਫਿਰ ਪੰਝੀ ਫਿਰ ਪੰਝੀ ਹਜ਼ਾਰ। ਖਾਲਸੇ ਦਾ ਜਨਮ ਇਕ ਅਦੁਤੀ ਇਨਕਲਾਬ ਸੀ। ਸਿਖ ਇਤਿਹਾਸ ਦੀ ਅਗਲੀ ਮਹਾਨ ਯਾਦਗਾਰੀ ਘਟਨਾ ਦਲ ਖ਼ਾਲਸੇ ਦੀ ਹੋਂਦ ਵਿਚ ਆਉਣਾ ਹੈ। ਦਲ ਖਾਲਸੇ ਦੀ ਇਤਿਹਾਸਕ ਸਾਜਨਾ ਸੰਮਤ ੧੮੦੫ ਦੀ ਵਿਸਾਖੀ ਨੂੰ ਹੋਈ। ਇਸ ਨੇ ਹਿੰਦੁਸਤਾਨ ਦੇ ਨਕਸ਼ੇ ਦੀ ਰੂਪ ਰੇਖਾ ਬਦਲ ਦਿਤੀ।



www.AKJ.Org

ਪੰਥ ਖਾਲਸੇ ਅਤੇ ਦਲ ਖਾਲਸੇ ਦੀ ਸਾਜਨਾ ਵਿਚ ਕੋਈ ਪੰਜਾਹ ਕੁ ਵਰ੍ਹੇ ਦਾ ਖਪਾ ਹੈ। ਸੰਮਤ ੧੭੬੫ ਵਿਚ ਸ੍ਰੀ ਗੁਰ ਗੋਬਿੰਦ ਸਿੰਘ ਜੀ ਦੇ ਪ੍ਰਭ-ਪੁਰ ਪਯਾਣੇ ਕਰ ਜਾਣ ਅਤੇ ਇਸ ਪਿਛੋਂ ਅਠ ਸਾਲ ਮਗਰੋਂ ਬਾਬਾ ਬੰਦਾ ਸਿੰਘ ਜੀ ਬਹਾਦਰ ਦੇ ਫੜੇ ਜਾਣ ਅਤੇ ਸ਼ਹਾਦਤ ਦਾ ਪਿਆਲਾ ਪੀ ਜਾਣ ਉਪਰੰਤ ਸਿਖਾਂ ਉਤੇ ਦੁਖ ਤਕਲੀਫ ਦੇ ਉਹ ਪਹਾੜ ਟੁਟੇ ਜਿਸ ਦਾ ਖਿਆਲ ਮਾਤਰ ਹੀ ਦਿਲ ਨੂੰ ਭੈਭੀਤ ਕਰ ਦਿੰਦਾ ਹੈ। ਹਕੂਮਤ ਦੀ ਸਾਰੀ ਮਸ਼ੀਨਰੀ ਤੇ ਪਿੰਡ ਦੇ ਖਾਂਦੇ ਪੀਂਦੇ ਲੋਕ ਸਰਕਾਰ ਤੋਂ ਇਨਾਮ ਪਰਾਪਤ ਕਰਨ ਜਾਂ ਡਰ ਦੇ ਕਾਰਨ ਸਭ ਸਿਖਾਂ ਦੇ ਦੁਸ਼ਮਨ ਬਣ ਗਏ। ਅੰਮ੍ਰਿਤਸਰ ਦੇ ਨੇੜੇ ਦਾ ਇਲਾਕਾ ਗਦਾਰ ਚੌਧਰੀਆਂ ਨਾਲ ਭਰਿਆ ਹੋਇਆ ਸੀ। ਇਲਾਕੇ ਦੇ ਚੌਧਰੀ ਸਿਖਾਂ ਦੇ ਭੇਦ ਦਸ ਕੇ ਉਨ੍ਹਾਂ ਨੂੰ ਮਰਵਾਉਂਦੇ ਰਹੇ। ਪੱਟੀ ਦੇ ਫ਼ੌਜਦਾਰ ਨੇ ਬਹੁਤ ਸਿੰਘ ਮਰਵਾਏ। ਕਰਮੇ, ਛੀਨੇ, ਰਾਜਾ ਸਾਂਸੀ ਦੇ ਗ਼ਦਾਰ ਇਤਿਹਾਸ ਵਿਚ ਪਰਸਿੱਧ ਹਨ। ਸਿਖਾਂ ਦੇ ਸਿਰਾਂ ਦਾ ਮੁਲ ਪੈਣ ਲਗਾ। ਸਿਖਾਂ ਨੇ ਅਪਣੇ ਟਿਕਾਣੇ ਰੇਤਲੇ ਥਲਾਂ ਵਿਚ ਬਣਾ ਲਏ। ਜੰਗਲ ਇਨ੍ਹਾਂ ਦਾ ਦੇਸ ਹੋ ਗਿਆ। ਘਰ ਘੋੜਿਆਂ ਦੀਆਂ ਕਾਠੀਆਂ ਹੋ ਗਏ। ਰਾਤ ਕਿਧਰੇ ਗੁਜ਼ਾਰਦੇ ਦਿਨ ਕਿਧਰੇ। ਹੱਲਾ ਕਰਨਾ ਤੇ ਹਰਨ ਹੋ ਜਾਣਾ ਉਨ੍ਹਾਂ ਦਾ ਕਿਤਾ ਬਣ ਗਿਆ।

ਮੁਗਲਾਂ ਨਾਲ ਲੋਹਾ ਲੈਂਦਿਆਂ ਜਦ ਉਨ੍ਹਾਂ ਦੇ ਕਮਜ਼ੋਰ ਪੈ ਜਾਣ ਨਾਲ ਖਾਲਸੇ ਨੂੰ ਆਜ਼ਾਦੀ ਦੀ ਝਲਕ ਦਿੱਸੀ। ਸਿਖ ਇਤਿਹਾਸ ਵਿਚ ਇਹ ਭਿਆਨਕ ਸਮਾਂ ਵੱਡੀ ਪਰਖ ਦਾ ਸਮਾਂ ਸੀ। ਇਸ ਬਿਪਤ ਕਾਲ ਸਮੇਂ ਬਿਰਧ ਸਰਦਾਰ ਸਰਦਾਰ ਕਪੂਰ ਸਿੰਘ ਜੀ ਪੰਥ ਦੀ ਅਗਵਾਈ ਕਰ ਰਿਹਾ ਸੀ। ਸਰਦਾਰ ਕਪੂਰ ਸਿੰਘ ਜੀ ਪੰਥ ਦੀ ਉਚ ਸ਼ਖਸੀਅਤ ਨਿਰਭੈ ਵਿਅਕਤੀ ਸੀ। ਇਤਿਹਾਸ ਵਿਚ ਸਰਦਾਰ ਕਪੂਰ ਸਿੰਘ ਜੀ ਨੂੰ 'ਸਮੇਂ ਦਾ ਸਰਦਾਰ' ਆਖਿਆ ਗਿਆ ਹੈ। ਸਾਰੇ ਸਿਖ ਆਪ ਜੀ ਦਾ ਮਹਾਨ ਸਤਿਕਾਰ ਕਰਦੇ ਸਨ। ਕਪੂਰ ਸਿੰਘ ਫਰੁਖਸੀਅਰ ਦੇ ਤਸੀਹੇ-ਭਰੇ ਸਮੇਂ ਤੋਂ ਸਿੰਘਾਂ ਦੀ ਅਗਵਾਈ ਕਰ ਰਿਹਾ ਸੀ। ਸੰਮਤ ੧੮੦੫ ਦੀ ਵਿਸਾਖੀ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਇਕੱਤਰ ਹੋਏ ਸਠ ਕੁ ਜਥਿਆਂ ਨੇ ਸਾਂਝਾ ਸੰਗਠਨ ਬਣਾਇਆ। ਇਕ ਕੇਂਦਰੀ ਸਿੱਖ ਜਥੇਬੰਦੀ ਬਣੀ ਜਿਸ ਦਾ ਨਾਂ "ਦਲ ਖਾਲਸਾ" ਰਖਿਆ ਗਿਆ। ਦਲ ਖਾਲਸੇ ਦੀ ਜਥੇਦਾਰੀ ਸ: ਜਸਾ ਸਿੰਘ ਆਹਲੂਵਾਲੀਏ ਨੂੰ ਸੌਂਪੀ ਗਈ। ਦਲ ਖਾਲਸੇ ਦਾ ਰਸਤਾ ਅਜੇ ਵੀ ਬਿਖੜਾ ਸੀ। ਸੰਮਤ ੧੮੧੯ ਦਾ 'ਵੱਡਾ ਘਲੂਘਾਰਾ' ਖਾਲਸੇ ਨਾਲ ਵਾਪਰਿਆ। ਘਲੂਘਾਰੇ ਵਿਚ ਅਹਿਮਦ ਸ਼ਾਹ ਦੁਰਾਨੀ ਨੇ ਕੁਪ ਰਹੀੜੇ (ਮਲੇਰ ਕੋਟਲੇ) ਨੇੜੇ ਤੀਹ ਹਜ਼ਾਰ ਸਿਖ ਕਤਲ ਕੀਤੇ। ਪਰੰਤੂ ਏਡੀ ਭਾਰੀ ਹਾਰ ਸਿਖਾਂ ਨੂੰ ਪੂਰੀ ਤਰ੍ਹਾਂ ਕੁਚਲ ਨਾ ਸਕੀ। ਸੰਮਤ ੧੮੨੨ ਵਿਚ ਦਲ ਖਾਲਸੇ ਨੇ ਲਾਹੌਰ ਤੇ ਕਬਜ਼ਾ ਕਰ ਲਿਆ। ਖਾਲਸੇ ਦੇ ਜਥੇਦਾਰ ਸ੍ਰੀ ਅੰਮ੍ਰਿਤਸਰ ਇਕੱਠੇ ਹੋਏ। ਤਿੰਨਾਂ ਸਾਤਿਆਂ ਅੰਦਰ ਇਸ ਮਤੇ ਨੂੰ ਅਮਲੀ ਸ਼ਕਲ ਦੇ ਦਿਤੀ। ਲਾਹੌਰ ਉਤੇ ਕਾਬਜ਼ ਹੋਣ ਮਗਰੋਂ ਖਾਲਸੇ ਨੇ ਪਹਿਲਾ ਸਿੱਕਾ ਜਾਰੀ ਕੀਤਾ ਜਿਸ ਉਤੇ ਇਹ ਇਬਾਰਤ ਉਕਰੀ ਹੋਈ ਸੀ :—

ਦੇਗੁ ਤੇਗੁ ਫਤਹ ਨੁਸ਼ਰਤ ਬੇਦਰੰਗ ॥
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

ਇਹ ਜਿਤ ਸਿੰਘਾਂ ਦੀ ਜਿਤ ਨਹੀਂ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕੁਰਬਾਨੀ ਦੀ ਜਿਤ ਸੀ ਜਿਸ ਨੂੰ ਫਲ ਸਮਾਂ ਪਾ ਕੇ ਲਗਾ। ਸੰਮਤ ੧੮੨੯ ਵਿਚ ਖਾਲਸੇ ਦਾ ਜੋਰ ਵਧਣ ਲਗਾ। ਦਲ ਖਾਲਸਾ ਬਾਰਾਂ ਮਿਸਲਾਂ ਵਿਚ ਵੰਡਿਆ ਗਿਆ। ਅੰਤ ਵਿਚ



www.AKJ.Org

ਸ਼ੁਕਰਚਕੀਏ ਮਿਸਲ ਦੇ ਆਗੂ ਸਰਦਾਰ ਰਣਜੀਤ ਸਿੰਘ ਜੀ ਨੇ ਬਾਰਾਂ ਮਿਸਲਾਂ ਨੂੰ ਇਕ ਕਰਕੇ ਇਕ ਮਹਾਨ ਕੇਂਦਰੀ ਸਿੱਖ ਰਾਜ ਸਥਾਪਤ ਕਰ ਵਿਖਾਇਆ। ਸਿੰਘਾਂ ਦਾ ਦਬਦਬਾ ਪਠਾਣਾਂ ਉੱਤੇ ਪੈ ਗਿਆ । ਸਿੱਖ ਰਾਜ ਆਪਣੀ ਮਿਸਲ ਆਪ ਸੀ । ਸਿੱਖ ਰਾਜ ਦੀ ਵਾਰਸ਼ਕ ਆਮਦਨ ਤਿੰਨ ਕਰੋੜ ਸੀ । ਮਹਾਰਾਜਾ ਰਣਜੀਤ ਸਿੰਘ ਜੀ ਨੂੰ ਲਹੌਰ ਦੇ ਕਿਲ੍ਹੇ ਵਿਚ ਤਿਲਕ ਬਾਬਾ ਸਹਿਬ ਸਿੰਘ ਜੀ ਬੇਦੀ ਨੇ ਲਾਇਆ । ਰਾਜ ਗਦੀ ਦੀ ਰਸਮ ਲਾਹੌਰ ਦੇ ਕਿਲੇ ਵਿਚ ਸੰਮਤ ੧੮੫੮ ਦੀ ਵਿਸਾਖੀ ਵਾਲੇ ਦਿਨ ਹੋਈ। ਇਸ ਦਿਨ ਨੂੰ ਸੁਭਾਗਾ ਤੇ ਪਾਵਨ ਸਮਝ ਕੇ ਮਹਾਰਾਜ ਨੇ ਨਾਨਕ ਸ਼ਾਹੀ ਸਿਕਾ ਚਾਲੂ ਕੀਤਾ । ਇਸ ਤਰ੍ਹਾਂ ਖਾਲਸੇ ਦਾ ਜਨਮ, ਦਲ ਖਾਲਸੇ ਦੀ ਸਥਾਪਨਾ, ਖਾਲਸਾ ਰਾਜ ਦਾ ਅੰਰਭ ਸਭ ਵਿਸਾਖੀ ਵਾਲੇ ਦਿਨ ਹੋਇਆ ।

ਖਾਲਸਾ ਸਾਜਣ ਦੀ ਮਰਿਆਦਾ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਡੂੰਘੀ ਫਿਲਾਸਫੀ ਲੁਕੀ ਪਈ ਹੈ। ਅਮ੍ਰਿਤ ਛਕਣ ਦੀ ਮਰਿਆਦਾ ਹੀ ਇਹੋ ਜੇਹੀ ਹੈ ਕਿ ਜਿਨ੍ਹਾਂ ਚਿਰ ਕੋਈ ਛੂਤ ਛਾਤ ਵਹਿਮ, ਜਾਤ ਪਾਤ, ਵਰਣ ਆਸ਼ਰਮ ਦਾ ਭੇਦ ਦੂਰ ਨਾ ਕਰੇ ਸੰਗਤ ਤੇ ਪੰਗਤ ਵਿਚ ਬੈਠ ਕੇ ਅਮ੍ਰਿਤ ਨਹੀਂ ਲੈ ਸਕਦਾ । ਅਮ੍ਰਿਤ ਪਾਨ ਕਰਨ ਵੇਲੇ ਇਕੋ ਬਾਟੇ ਵਿਚੋਂ ਇਕੋ ਪਾਲ ਵਿਚ ਬੈਠ ਕੇ ਹਰ ਖਾਲਸਾ ਸਜਨ ਵਾਲੇ ਮਨੁਖ ਨੂੰ ਮੂੰਹ ਨਾਲ ਇਕ ਦੂਜੇ ਦਾ ਜੂਠਾ ਘੁੱਟ ਪੀਣਾ ਪੈਂਦਾ ਹੈ । ਅਮ੍ਰਿਤ ਛਕਣ ਵੇਲੇ ਇਹ ਪ੍ਰਣ ਵੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹਜ਼ੂਰ ਕਰਨਾ ਪੈਂਦਾ ਹੈ ਕਿ ਸਾਡਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਤਾ ਸਹਿਬ ਕੌਰ ਤੇ ਵਾਸੀ ਅੰਨਦ ਪੁਰ ਨਾਨਕਾ ਪਿੰਡ ਰੁਹਤਾਸ । ਇਸ ਪ੍ਰਣ ਨਾਲ ਮਨੁੱਖ ਦੇ ਹਿਰਦੇ ਤੇ ਡੂੰਘਾ ਮਾਨਸਕ ਪ੍ਰਭਾਵ ਪੈਂਦਾ ਹੈ । ਜੇ ਹਿਰਦਾ ਸ਼ੁਧ ਹੋਵੇ ਤਾਂ ਖਾਲਸਾ ਸਜਨ ਵਾਲੀ ਵਿਅਕਤੀ ਜਾਤ ਪਾਤ ਦੀ ਵਿਖੇਪਤਾ ਨੂੰ ਤਿਆਗ ਕੇ ਸਾਰੇ ਖਾਲਸਾ ਪੰਥ ਨੂੰ ਟਬਰ ਸਮਝਦੀ ਹੈ । ਭਾਰਤ ਦੇ ਪ੍ਰਚੀਨ ਜਾਤੀ ਵੰਡ ਕਾਰਨ ਕਸ਼ਤਰੀ ਜਾਂ ਰਾਜਪੂਤ ਕੌਮ ਬਹਾਦਰੀ ਸਦਕੇ ਦੇਸ਼ ਦੀ ਰਾਖੀ ਕਰਦੀ ਸੀ । ਹੌਲੀ ਹੌਲੀ ਰਾਜ ਪੂਤ ਮੁਸਲਮਾਨਾਂ ਦੀ ਤਾਕਤ ਤੇ ਨਿਜੀ ਲਾਲਚ ਦਾ ਸ਼ਿਕਾਰ ਹੋ ਗਏ ਜਿਸ ਦਾ ਕਾਰਨ ਛੂਤ ਛਾਤ ਤੇ ਏਕਤਾ ਦੀ ਅਣਹੋਂਦ ਆਖ ਸਕਦੇ ਹਾਂ । ਰਾਜਪੂਤ ਆਪਣੀ ਬਹਾਦਰੀ ਕਰਕੇ ਆਪਣੇ ਨਾਵਾਂ ਨਾਲ 'ਸਿੰਘ' ਸ਼ਬਦ ਵਰਤਦੇ ਰਹੇ । ਪਰੰਤੂ ਇਹ ਰਿਵਾਜ਼ ਘਟਦਾ ਗਿਆ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸਿੱਖ ਨੂੰ 'ਸਿੰਘ' ਬਣਾਇਆ । ਸ਼ੇਰ ਜਾਨਵਾਰਾਂ ਵਿਚੋਂ ਸਭ ਤੋਂ ਤਾਕਤਵਾਰ ਹੁੰਦਾ ਹੈ । ਗੁਰੂ ਜੀ ਨੇ ਮਾਨਸਕ ਪ੍ਰੀਵਰਤਨ ਲਿਆਂਦਾ । ਹਰ ਸਿੱਖ ਦੇ ਨਾਂ ਨਾਲ ਸਿੰਘ ਸ਼ਬਦ ਜੋੜਿਆ । ਪੁਰਾਣੀ ਬੀਰਤਾ ਨੂੰ ਸੁਰਜੀਤ ਕੀਤਾ । ਅਨੇਕਾਂ ਇਤਹਾਸਕ ਘਟਨਾਵਾਂ ਬਿਨਾਂ ਸ਼ਕ ਸਾਬਤ ਕਰਦੀਆਂ ਹਨ ਕਿ ਸਿੰਘਾਂ ਨੇ ਸਚ ਮੁਚ ਹੀ ਸ਼ੇਰਾਂ ਵਾਲੇ ਕੰਮ ਕੀਤੇ । ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜੇਬ ਨੂੰ ਆਖਿਆ ਤੂੰ ਕਿਸੇਕਿਸੇ ਨੂੰ ਸਰਦਾਰ ਬਣਾਉਂਦਾ ਏ ਮੈਂ ਹਰ ਭਾਰਤੀ ਨੂੰ ਸਰਦਾਰ ਬਣਾ ਕੇ ਰਖ ਦਿਆਂਗਾ । ਹਰ ਭਾਰਤੀ ਧੌਣ ਉੱਚੀ ਕਰਕੇ ਟੁਰੇਗਾ । ਪੰਜਾਬ ਵਿਚ ਸ਼ੇਰ ਬੁਕਣਗੇ ਸੱਪ ਸ਼ੂਕਣਗੇ । ਜੇਕਰ ਤੂੰ ਜ਼ੁਲਮ ਦੇ ਘੋੜੇ ਨੂੰ ਲਗਾਮਾਂ ਨਾ ਦਿਤੀਆਂ ਤਦ ਮੈਂ ਤੇਰੇ ਘੋੜੇ ਦੇ ਪੈਰਾਂ ਥਲੇ ਅੱਗ ਦੇ ਲੂੰਬੇ ਰਖ ਦਿਆਂਗਾ । ਇਹ ਕੁਝ ਲੋਕਾਂ ਨੇ ਪਰਤਖ ਹੁੰਦਾ ਵੇਖਿਆ ਚਿੜੀਆਂ ਨੇ ਬਾਜਾਂ ਦੇ ਖੰਭ ਤੋੜੇ, ਭੇਡਾਂ ਬਕਰੀਆ ਨੇ ਸ਼ੇਰਾਂ ਨਾਲ ਆਂਢੇ ਲਾਏ । ਸਵਾ ਲਖ ਨਾਲ ਇਕ ਇਕ ਲੜਿਆ । ਕਾਬਲ ਉਤੇ ਖਾਲਸਾਈ ਨਿਸ਼ਾਨ ਝੂਲਣ ਲਗੇ । ਕੀੜੇ ਮਕੌੜੇ ਸਮਝੇ ਜਾਂਦੇ ਇਥੋਂ ਦੇ ਲੋਕਾਂ ਨੇ ਕਾਬਲੀ ਬਾਜਾਂ ਨੂੰ ਦਬੋਚਿਆ । ਸਮਾਜ ਦੇ ਪਛੜੇ ਵਰਗ ਨੇ ਜਿਨਾਂ ਦਾ ਕੰਮ ਤਕੜੀਆਂ ਤੋਲਣਾ ਸੀ



www.AKJ.Org

ਅਫਗਾਨਾਂ ਨਾਲ ਲੋਹਾ ਲਿਆ। ਇਹ ਸਾਰਾ ਕੁਝ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦੋ ਧਾਰੇ ਫੁਲਾਦੀ ਖੰਡੇ ਦੀ ਕਰਾਮਾਤ ਸੀ ਜਿਸ ਨੇ ਭਾਰਤੀਆਂ ਨੂੰ ਮੈਦਾਨਿ ਜੰਗ ਦੇ ਸ਼ਾਹ ਸਵਾਰ ਬਣਾਇਆ। ਸਿੰਘਾਂ ਨੇ ਇਤਿਹਾਸ ਵਿਚ ਉਲਟੀ ਗੰਗਾ ਚਲਾ ਦਿਤੀ। ਪਛਮੀ ਹਮਲਾਵਰਾਂ ਨੂੰ ਜੋ ਸਿਧੇ ਪੰਜਾਬ ਨੂੰ ਲੰਘ ਕੇ ਸੋਮਨਾਥ ਗੁਜਰਾਤ ਕਾਠੀਆਵਾੜ ਦੇ ਮੰਦਰ ਲੁੱਟ ਕੇ ਲੈ ਜਾਂਦੇ ਸਨ ਨੂੰ ਹੋਰ ਪੱਛਮ ਵਲ ਧਕ ਦਿਤਾ। ਮੁਲਤਾਨ, ਕਾਬਲ, ਕੰਧਾਰ ਤੇ ਕੇਸਰੀ ਝੰਡਾ ਲਹਿਰਾ ਰਿਹਾ ਸੀ। ਸਿਖ ਰਾਜ ਦੀ ਦੀ ਹੱਦ ਅਫਗਾਨਸਤਾਨ ਤੀਕਰ ਜਾ ਬਣਾਈ। ਇਹ ਵਿਸਾਖੀ ਦੀ ਸਪਿਰਟ ਦਾ ਪਰਗਟਾਵਾ ਸੀ। ਵਿਸਾਖੀ ਦੀ ਸਪਿਰਟ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੈਦਾ ਕੀਤੀ। ਉਹ ਜਿਥੇ ਵੀ ਗਏ ਸੰਗਤਾਂ ਬਣਾਈਆਂ। ਧਰਮਸਾਲਾਂ ਬਣਾਈਆਂ। ਸੰਗਤ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੇਂ ਪੰਥ ਦਾ ਰੂਪ ਧਾਰ ਗਈ—

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।

————

# ਸੂਰੇ ਦੇ ਨਵੇਂ ਪਾਠਕ

ਬਾਰਡਰ ਸਿਕਉਰਟੀ ਫ਼ੋਰਸ ਦੀ 53 ਨੰਬਰ ਪਲਟਨ ਦੇ ਹੇਠ ਲਿਖੇ ਸਜਣਾਂ ਨੇ ਆਪਣੇ ਕੋਲੋਂ ਚੰਦੇ ਦੇ ਕੇ ਹੇਠ ਲਿਖੇ ਗੁਰਦੁਆਰਿਆਂ ਦੇ ਨਾਮ ਸੂਰਾ ਰਸਾਲਾ ਜਾਰੀ ਕਰਾਇਆ ਹੈ। ਏਹਨਾਂ ਦੀ ਬੇਨਤੀ ਹੈ ਕਿ ਗੁਰਦੁਆਰਿਆਂ ਦੇ ਸਜਣ ਆਪ ਪੜ੍ਹਨ ਤੇ ਹੋਰਨਾਂ ਨੂੰ ਵੀ ਸੂਰਾ ਪੜ੍ਹਾਉਣ। ਮਾਇਆ ਭੇਜਣ ਵਾਲੇ ਸਿੰਘਾਂ ਦੇ ਨਾਮ :—

1. H C ਅਜੀਤ ਸਿੰਘ।
2. H C ਬਲਵਿੰਦਰ ਸਿੰਘ।
3. L/NK ਦਰਬਾਰਾ ਸਿੰਘ।
4. Const ਜਸਵੰਤ ਸਿੰਘ।
5. Const ਬਲਦੇਵ ਸਿੰਘ।
6. Const ਬਾਵਾ ਸਿੰਘ।

ਜਿਨ੍ਹਾਂ ਗੁਰਦੁਆਰਿਆ ਨੂੰ ਰਸਾਲਾ ਲਾਇਆ ਗਿਆ :—

1. ਗੁਰਦੁਆਰਾ ਸਾਹਿਬ ਛਟੀ ਪਾਤਸ਼ਾਹੀ ਨੌਸ਼ਹਿਰਾ।
2. ਗੁਰਦੁਆਰਾ ਸਾਹਿਬ ਯਾਦਗਾਰ ਬਾਬਾ ਸੁੰਦਰ ਸਿੰਘ ਜੀ ਬੇਦੀ ਨੌਨਿਆਲਾ।
3. ਗੁਰਦੁਆਰਾ ਸਾਹਿਬ ਧਰਾਲ।
4. ਗੁਰਦੁਆਰਾ ਸਾਹਿਬ ਭਾਈ ਕੀਰਤਨ ਸਿੰਘ ਨੌਨਿਆਲ।
5. ਗੁਰਦੁਆਰਾ ਸਿੰਘ ਸਭਾ ਛਟੀ ਪਾਤਸ਼ਾਹੀ ਰਜੌੜੀ।
6. ਗੁਰਦੁਆਰਾ ਭਾਈ ਸਾਹਿਬ ਸਿੰਘ, ਨੌਨਿਆਲ।



www.AKJ.Org

# ਗੁਰਮਤਿ ਤੇ ਅਸੀਂ

ਭਾਈ ਗੁਰਚਰਨ ਸਿੰਘ ਐਮ. ਏ. (ਪੰਜਾਬੀ ਤੇ ਧਰਮ) ਰੀਸਰਚ ਸਕਾਲਰ

ਅਸੀਂ ਸਾਰੇ ਗੁਰੂ ਦੇ ਸਿੱਖ ਹਾਂ । ਅਸੀਂ ਰੋਜ਼ ਸਚੇ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਰਕਾਸ਼ ਕਰਦੇ ਹਾਂ । ਨਮਸਕਾਰ ਕਰਕੇ ਹੁਕਮ ਲੈਂਦੇ ਹਾਂ । ਹੋਰ ਹਰ ਪਰਕਾਰ ਦੀ ਸੇਵਾ ਵੀ ਕਰਦੇ ਹਾਂ । ਅਸੀਂ ਬੜੇ ਮਾਣ ਨਾਲ ਕਹਿੰਦੇ ਹਾਂ ਕਿ ਸਾਡਾ ਗੁਰੂ ਸਭ ਦਾ ਸਾਂਝਾ ਹੈ । ਇਸ ਦੇ ਦਰਸ਼ਨ ਦੀਦਾਰ ਹਰ ਕੋਈ ਬਿਨਾਂ ਜ਼ਾਤ ਪਾਤ ਦੇ ਭਿੰਨ ਭੇਦ ਦੇ ਕਰ ਸਕਦਾ ਹੈ । ਹਰ ਕੋਈ ਬਾਣੀ ਪੜ੍ਹ ਸਕਦਾ ਹੈ, ਵਿਚਾਰ ਸਕਦਾ ਹੈ, ਸੁਣ ਸਕਦਾ ਹੈ, ਖੋਜ ਸਕਦਾ ਹੈ ।

ਅਸੀਂ ਇਹ ਗਲ ਵੀ ਸਿਰ ਉੱਚਾ ਕਰਕੇ ਕਹਿੰਦੇ ਹਾਂ ਕਿ ਜਿਥੇ ਹੋਰ ਧਰਮਾਂ ਦੇ ਗਰੰਥ, ਧਰਮਾਂ ਦੇ ਸੰਚਾਲਕਾਂ ਨੇ ਆਪ ਸੰਪਾਦ ਨਹੀਂ ਕੀਤੇ, ਸਗੋਂ ਉਹਨਾਂ ਦੇ ਚੇਲਿਆਂ ਤੇ ਖ਼ਲੀਫ਼ਿਆਂ ਨੇ ਕੀਤੇ, ਉਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪ ਕੀਤੀ ਅਤੇ ਇਸ ਦੀ ਪਵਿੱਤ੍ਰਤਾ ਤੇ ਅਖੰਡਤਾ ਲਈ ਆਪਣੀ ਅਦੁਤੀ ਕੁਰਬਾਨੀ ਦਿਤੀ !

ਸਾਡੇ ਵਿਚਾਰਵਾਨ ਤੇ ਸਿਖ ਫ਼ਿਲਾਸਫ਼ਰ ਬੜੇ ਮਾਣ ਨਾਲ ਲਿਖਦੇ ਤੇ ਕਹਿੰਦੇ ਹਨ ਕਿ ਅੱਜ ਦੇ ਸਾਇੰਸੀ ਯੁਗ ਵਿਚ ਵੀ ਕੋਈ ਵਿਗਿਆਨ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਿਧਾਤਾਂ ਨੂੰ ਝੁਠਲਾ ਨਹੀਂ ਸਕਦਾ । ਜਿਥੇ ਹੋਰ ਧਾਰਮਕ ਗਰੰਥਾਂ ਦੇ ਕਈ ਸਿਧਾਂਤ ਅਜੋਕੇ ਵਿਗਿਆਨਕ ਯੁਗ ਵਿਚ ਝੁਠਲਾ ਦਿਤੇ ਗਏ ਹਨ, ਉਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਿਧਾਂਤ ਸਦੀਵੀ ਤੌਰ ਤੇ ਅਟੱਲ ਹਨ ।

ਏਨਾ ਮਾਣ ਹੋਣ ਦੇ ਬਾਵਜੂਦ ਇਹ ਵਿਚਾਰਨ ਦੀ ਲੋੜ ਹੈ ਕਿ ਅਸੀਂ ਆਪਣੇ ਆਪ ਨੂੰ ਸਿੱਖ ਕਹਾਉਣ ਵਾਲੇ ਕਿੰਨੇ ਕੁ ਗੁਰੂ ਦੇ ਨੇੜੇ ਹਾਂ । ਭਾਵੇਂ ਗੁਰਮਤਿ ਦੇ ਪਰਕਾਸ਼ ਹੋਇਆਂ ਨੂੰ ਅਜੇ ਪੰਜ ਸੌ ਤਿੰਨ ਵਰ੍ਹੇ ਹੀ ਹੋਏ ਹਨ ਅਤੇ ਖਾਲਸਾ ਪੰਥ ਦਾ ਸੰਪੂਰਨ ਸਰੂਪ ਹੋਂਦ ਵਿਚ ਆਇਆਂ ਕੇਵਲ ਦੋ ਸੌ ਤਹੱਤਰ ਵਰ੍ਹੇ ਹੋਏ ਹਨ, ਪਰ ਇਹ ਵੀ ਵਿਚਾਰਨ ਦੀ ਲੋੜ ਹੈ ਕਿ ਸਿੱਖ ਕੌਮ ਦੀ ਬਹੁਤੀ ਗਿਣਤੀ ਕਿੰਨੀ ਕੁ ਸਿੱਖੀ ਦੇ ਨੇੜੇ ਹੈ । ਗੁਰਬਾਣੀ ਤੇ ਗੁਰਇਤਿਹਾਸ ਦੀ ਰੋਸ਼ਨੀ ਵਿਚ ਅਸੀਂ ਕਿੰਨਾ ਕੁ ਸਿੱਖੀ ਦੇ ਨੇੜੇ ਹਾਂ ।

ਸਭ ਤੋਂ ਪਹਿਲੀ ਗਲ ਜੋ ਅਸੀਂ ਗੁਰਮਤਿ ਆਸ਼ੇ ਤੋਂ ਉਲਟ ਕਰ ਰਹੇ ਹਾਂ, ਉਹ ਹੈ ਤੀਰਥ ਯਾਤਰਾ ਦਾ ਰਸਮੀ ਰਿਵਾਜ । ਕਈ ਕਹਾਉਤੀ ਸੰਤ ਅਤੇ ਧਾਰਮਕ ਸੰਸਥਾਵਾਂ ਦੇ ਪ੍ਰਬੰਧਕ ਮਾਇਆ ਇਕੱਤਰ ਕਰਨ ਲਈ ਤੀਰਥ ਇਸ਼ਨਾਨ ਯਾਤਰਾ ਦੀਆਂ ਬਸਾਂ ਦਾ ਪ੍ਰੋਗਰਾਮ ਬਣਾ ਕੇ ਚੰਗੀ ਮਾਇਆ ਇਕੱਤਰ ਕਰ ਰਹੇ ਹਨ । ਇਸ਼ਤਿਹਾਰ ਬਾਜ਼ੀ ਵੇਲੇ ਪ੍ਰਸ਼ਨ ਦੇ ਰੂਪ ਵਿਚ ਉਚਾਰੇ ਗਏ ਗੁਰਵਾਕਾਂ ਨੂੰ ਇਸ਼ਤਿਹਾਰਾਂ ਉਤੇ ਛਪਵਾ ਕੇ ਥੋੜੀ ਪੜ੍ਹੀ ਜਾਂ ਅਗਿਆਨਤਾ ਭਰਪੂਰ ਜਨਤਾ ਨੂੰ ਪੰਜੇ ਵਿਚ ਫਸਾ ਲੈਂਦੇ ਹਨ । ਜਿਵੇਂ ਅਸੀਂ ਜਾਣਦੇ ਹਾਂ ਕਿ ਸਿੱਧ ਗੋਸਟਿ ਵਿਚ ਗੁਰਮਤਿ ਤੇ ਜੋਗ ਮਤਿ ਦੇ ਸਿਧਾਂਤਾਂ ਦੀ ਟਕਰ ਦਰਸਾਈ ਹੈ । ਗੋਰਖ ਨਾਥ ਦਾ



www.AKJ.Org

ਚੇਲਾ ਲੋਹਾਰੀਪਾ ਗੁਰੂ ਨਾਨਕ ਸਾਹਿਬ ਨੂੰ ਜੋ ਪ੍ਰਸ਼ਨ ਕਰਦਾ ਹੈ, ਗੁਰੂ ਜੀ ਨੇ ਸਵਾਲ ਦੇ ਰੂਪ ਵਿਚ ਇਉਂ ਉਚਾਰਿਆ ਹੈ :-

ਹਾਟੀ ਬਾਟੀ ਰਹਹਿ ਨਿਰਾਲੇ,
ਰੂਖਿ ਬਿਰਖਿ ਉਦਿਆਨੇ ॥
ਕੰਦ ਮੂਲੁ ਅਹਾਰੋ ਖਾਈਐ,
ਅਉਧੂ ਬੋਲੈ ਗਿਆਨੇ ॥
ਤੀਰਥ ਨਾਈਐ ਸੁਖੁ ਫਲੁ ਪਾਈਐ,
ਮੈਲੁ ਨ ਲਾਗੈ ਕਾਈ ॥
ਗੋਰਖ ਪੂਤੁ ਲੋਹਾਰੀਪਾ ਬੋਲੈ,
ਜੋਗ ਜੁਗਤਿ ਬਿਧਿ ਸਾਈ ॥

ਭਾਵ ਪ੍ਰਸ਼ਨ ਦੇ ਰੂਪ ਵਿਚ ਲੋਹਾਰੀਪਾ ਕਹਿੰਦਾ ਹੈ ਕਿ ਅਸੀਂ ਸ਼ਹਿਰਾਂ ਤੇ ਹੱਟੀਆਂ ਤੋਂ ਦੂਰ ਰਹਿ ਕੇ, ਜੰਗਲਾਂ ਉਜਾੜਾਂ ਵਿਚ ਕੰਦ ਮੂਲ ਖਾ ਕੇ ਗੁਜ਼ਾਰਾ ਕਰਦੇ ਹਾਂ। ਤੀਰਥਾਂ ਉਤੇ ਨਹਾ ਕੇ ਨਿਰਮਲ ਹੁੰਦੇ ਹਾਂ ਸੁਖ ਪਾਉਂਦੇ ਹਾਂ। ਇਸ ਤਰ੍ਹਾਂ ਜੋਗ ਮਤ ਦੀ ਬਿਧੀ ਅਨੁਸਾਰ ਜੀਵਨ ਗੁਜ਼ਾਰਦੇ ਹਾਂ।

ਇਸ ਦੇ ਜਵਾਬ ਵਿਚ ਗੁਰੂ ਜੀ ਫਰਮਾਉਂਦੇ ਹਨ-

ਹਾਟੀ ਬਾਟੀ ਨੀਂਦ ਨ ਆਵੈ,
ਪਰ ਘਰਿ ਚਿਤੁ ਨ ਡੋਲਾਈ ॥
ਬਿਨ ਨਾਵੈ ਮਨ ਟੇਕ ਨ ਟਿਕਈ,
ਨਾਨਕ ਭੂਖ ਨ ਜਾਈ ॥

ਭਾਵ ਘਰ ਬਾਰ ਵਿਚ ਰਹਿ ਕੇ ਮਨ ਨੂੰ ਮਾਇਆ ਵਿਚ ਨਾ ਡੁਲਾਉਣਾ ਹੀ ਸਾਡਾ ਮਤ ਹੈ। ਨਾਮ ਵਿਚ ਸੁਰਤੀ ਜੋੜੇ ਬਿਨਾ ਮਨ ਦੀ ਭੁਖ ਨਹੀਂ ਜਾਂਦੀ। ਸਾਡੇ ਤੀਰਥ ਯਾਤਰਾ ਦੇ ਪ੍ਰਬੰਧਕ ਪ੍ਰਸ਼ਨ ਰੂਪ ਦੀ ਇਹ ਤੁਕ -

ਤੀਰਥ ਨਾਈਐ ਸੁਖੁ ਫਲੁ ਪਾਈਐ,
ਮੈਲੁ ਨ ਲਾਗੈ ਕਾਈ ॥

ਇਸ਼ਤਿਹਾਰਾਂ ਉਤੇ ਛਪਵਾਕੇ ਸਿਖ ਜਨਤਾ ਨੂੰ ਗੁਮਰਾਹ ਕਰਦੇ ਹਨ ਕਿ ਤੀਰਥਾਂ ਉਤੇ ਨਹਾਉਣ ਨਾਲ ਸੁਖ ਮਿਲਦਾ ਹੈ ਤੇ ਮਨ ਦੀ ਮੈਲ ਉਤਰਦੀ ਹੈ। ਜਦਕਿ ਗੁਰੂ ਬਾਣੀ ਵਿਚ ਸੈਂਕੜੇ ਪਰਮਾਣ ਅਜਿਹੇ ਮਿਲਦੇ ਹਨ ਕਿ ਤੀਰਥਾਂ ਉਤੇ ਇਸ਼ਨਾਨ ਕਰਨ ਨਾਲ ਨਾ ਹੀ ਮਨ ਦੀ ਮੈਲ ਉਤਰਦੀ ਹੈ ਅਤੇ ਨਾ ਹੀ ਮੁਕਤੀ ਮਿਲਦੀ ਹੈ—ਗੁਰੂ ਨਾਨਕ ਪਾਤਸ਼ਾਹ ਫਰਮਾਉਂਦੇ ਹਨ—

ਅਠਸਠਿ ਤੀਰਥ ਭਰਮਿ ਵਿਗੁਚਹਿ,
ਕਿਉ ਮਲੁ ਧੋਪੈ ਪਾਪੈ ॥

ਭਾਵ ਅਠਾਹਠ ਤੀਰਥਾਂ ਉਤੇ ਇਸ਼ਨਾਨ ਕਰਨ ਵਾਲੇ ਭਟਕਦੇ ਫਿਰਦੇ ਹਨ। ਇਸ ਤਰ੍ਹਾਂ ਕਰਨ ਨਾਲ ਪਾਪਾਂ ਦੀ ਮੈਲ ਕਿਵੇਂ ਧੋਪੀ ਜਾ ਸਕਦੀ ਹੈ। ਤੀਰਥ ਇਸ਼ਨਾਨ ਸਬੰਧੀ ਗੁਰਬਾਣੀ ਵਿਚ ਸਪਸ਼ਟ ਹੁਕਮ ਹੈ—

ਤੀਰਥ ਨਾਵਣ ਜਾਉ, ਤੀਰਥ ਨਾਮ ਹੈ ॥
ਤੀਰਥ ਸਬਦ ਵੀਚਾਰ, ਅੰਤਰ ਗਿਆਨ ਹੈ ॥

ਭਾਵ, ਤੀਰਥਾਂ ਤੇ ਨਾਵਣ ਕਿਉਂ ਜਾਵਾਂ? ਤੀਰਥ ਕੇਵਲ ਨਾਮ ਹੀ ਹੈ। ਤੀਰਥ ਨਾਵਣ ਕੀ ਹੈ? ਜੁਆਬ ਦੇਂਦੇ ਹਨ—ਤੀਰਥ ਗੁਰੂ ਦੇ ਸ਼ਬਦ ਦੀ ਵੀਚਾਰ ਹੈ। ਗੁਰੂ ਨਾਨਕ ਪਾਤਸ਼ਾਹ ਨੇ ਇਕ ਕਮਾਲ ਦੀ ਵਿਚਾਰ ਦਸੀ ਹੈ ਕਿ ਤੀਰਥ ਨਾਵਣ ਕੀ ਹੈ ਨਾਮ ਜਪਣਾ।

ਨਾਵਣ ਨਾਉ ਜਪੇਹੀ।

ਇਹਨਾਂ ਅਨੇਕਾਂ ਪਰਮਾਣਾਂ ਦੇ ਹੁੰਦਿਆਂ ਸਿੱਖ ਜਨਤਾ ਨੂੰ ਨਾਮ ਜਪਣ ਦੀ ਅਸਲੀ ਕਾਰ ਵਲੋਂ ਮੋੜ ਕੇ ਕੇਵਲ ਰਸਮੀ ਇਸ਼ਨਾਨ ਵਲ ਪ੍ਰੇਰਨਾ ਹਿੰਦੂ ਕਰਮ ਕਾਂਡ ਵਿਚ ਫਸਣਾ ਹੈ। ਇਹ ਲੋਭੀ ਸੰਤ ਤੇ ਜਥੇਦਾਰ ਨਾਮ ਜਪਣ ਦੀ ਕਾਰ ਨੂੰ ਤਾਂ ਕਈ ਵਾਰੀ ਫ਼ਜ਼ੂਲ ਕੰਮ ਸਮਝਦੇ ਹਨ, ਪਰ ਮਾਇਆ ਇਕਤਰ ਕਰਨ ਲਈ ਗੁਰਬਾਣੀ ਦੇ ਮਨ ਇਛਤ ਅਰਥ ਕਰਕੇ ਸਿਖ ਜਨਤਾ ਨੂੰ ਗੁਮਰਾਹ ਕਰ ਰਹੇ ਹਨ।

ਸਾਨੂੰ ਗੁਰਮਤਿ ਸਿਖਾਉਂਦੀ ਹੈ ਕਿ ਸਭ ਵਿਚ ਰਬੀ ਜੋਤ ਦੇਖ ਕੇ ਸਭ ਨੂੰ ਪਿਆਰਨਾ, ਸਤਿਕਾਰਨਾ।



www.AKJ.Org

'ਹਮ ਸਭਨਾ ਕੇ ਸਾਜਨ' ਦੇ ਹੁਕਮ ਅਨੁਸਾਰ ਕਿਸੇ ਨਾਲ ਵੈਰ ਭਾਵਨਾ ਨਾ ਰਖਣਾ, ਸਗੋਂ ਵਿਰੋਧੀ ਨੂੰ ਵੀ ਨਿਮਰਤਾ, ਪਰੇਮ ਤੇ ਕੁਰਬਾਨੀ ਨਾਲ ਆਪਣੇ ਸਹਾਇਕ ਬਣਾਉਣਾ। ਪਰ ਅਸੀਂ ਕੀ ਬਣ ਗਏ ਹਾਂ, ਰ ਜਨੀਤਕ ਖੇਤਰ ਵਿਚ ਵੀ ਬੜੇ ਨੀਵੇਂ ਚਲੇ ਗਏ ਹਾਂ। ਆਪਣੇ ਗੁਰਭਾਈਆਂ ਨਾਲ ਥੋਹੜੇ ਜਿਹੇ ਖਿਆਲਾਂ ਦੇ ਫਰਕ ਨਾਲ ਹੀ ਵੈਰ ਵਿਰੋਧ ਕਰ ਰਹੇ ਹਾਂ। ਧਰਮ ਨਾਲੋਂ ਧੜਾ ਸਾਨੂੰ ਹਰ ਗਲੇ ਪਿਆਰਾ ਹੋ ਗਿਆ ਹੈ। ਕੁਝ ਨਿਜੀ ਸੁਆਰਥਾਂ ਲਈ ਸਮੁਚੀ ਜਥੇਬੰਦੀ ਜਾਂ ਸਮੁਚੇ ਪੰਥ ਲਈ ਭੀ ਕੁਰਬਾਨੀ ਨਹੀਂ ਕਰ ਸਕਦੇ। ਅਸੀਂ ਗੁਰੂ ਇਤਿਹਾਸ ਦੀ ਰੋਸ਼ਨੀ ਵਿਚ ਜਾਂਵਦੇ ਹਾਂ ਕਿ ਬਾਬਾ ਸ੍ਰੀ ਚੰਦ ਗੁਰੂ ਨਾਨਕ ਪਾਤਸ਼ਾਹ ਤੇ ਹੋਰ ਗੁਰੂ ਸਾਹਿਬਾਂ ਦੀ ਵਿਰੋਧਤਾ ਕਰਦੇ ਰਹੇ। ਭਾਈ ਲਹਿਣੇ ਜੀ ਨੂੰ ਗੁਰ-ਗੱਦੀ ਮਿਲਣ ਨਾਲ ਉਹ ਗੁਰੂ ਨਾਨਕ ਦੀ ਸਮਾਧੀ ਨੂੰ ਪੂਜਾ ਅਸਥਾਨ ਬਣਾਕੇ ਆਪਣੀ ਪੂਜਾ ਵੀ ਕਰਾਉਣ ਲਗ ਪਏ। ਜਿਸ ਵਲ ਭਾਈ ਗੁਰਦਾਸ ਜੀ ਨੇ ਇਸ਼ਾਰਾ ਕੀਤਾ ਹੈ।

ਬਾਲ ਜਤੀ ਹੈ ਸ੍ਰੀ ਚੰਦ,
ਬਾਬਾਣਾ ਦੇਹੁਰਾ ਬਣਾਇਆ॥

ਪਰ ਸਾਰੇ ਗੁਰੂ ਵਿਅਕਤੀ ਉਹਨਾਂ ਨੂੰ ਗੁਰੂ ਅੰਸ਼ ਜਾਣਕੇ ਸਤਿਕਾਰਦੇ ਰਹੇ। ਗੁਰੂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਸਪੁਤਰ ਬਾਬਾ ਗੁਰਦਿਤਾ ਜੀ ਸਣੇ ਜਦ ਆਪ ਨੂੰ ਮਿਲਣ ਗਏ ਤਾਂ ਸ੍ਰੀ ਚੰਦ ਜੀ ਨੇ ਗੁਰੂ ਜੀ ਦੀ ਨਿਮਰਤਾ ਵੇਖ ਕੇ ਪੁਛਿਆ ਕਿ ਕਿੰਨੇ ਸਪੁਤਰ ਹਨ। ਚਾਰ ਸਪੁਤਰ ਤੇ ਇਕ ਸਪੁਤਰੀ ਗੁਰੂ ਜੀ ਦਾ ਜੁਆਬ ਸੀ। ਸ੍ਰੀ ਚੰਦ ਜੀ ਨੇ ਕਿਹਾ "ਕੋਈ ਬਾਬੇ ਦਾ ਵੀ ਹੈ" ਤਾਂ ਮੀਰੀ ਪੀਰੀ ਦੇ ਮਾਲਕ ਨੇ ਕਿਹਾ—"ਸਭ ਹਾਜ਼ਰ ਹਨ।" ਅੱਛਾ! ਗੁਰਦਿਤਾ ਜੀ ਸਾਨੂੰ ਦੇ ਦਿਉ, ਸ੍ਰੀ ਚੰਦ ਜੀ ਨੇ ਕਿਹਾ। ਜਦ ਗੁਰੂ ਜੀ ਨੇ ਪ੍ਰੇਮ ਤੇ ਨਿਮਰਤਾ ਨਾਲ ਬਾਬਾ ਗੁਰਦਿਤਾ ਜੀ ਨੂੰ ਉਹਨਾਂ ਦੀ ਝੋਲੀ ਪਾਇਆ ਤਾਂ ਬਾਬਾ ਜੀ ਨੇ ਕਿਹਾ ਨਿਮਰਤਾ ਕਰਕੇ ਗੱਦੀ ਅਗੇ ਹੀ ਤੁਹਾਡੇ ਕੋਲ ਹੈ—ਹੁਣ ਅਸੀਂ 110 ਸਾਲ ਦਾ ਤਪ ਵੀ ਤੁਹਾਡੇ ਪੁਤਰ ਨੂੰ ਦੇਂਦੇ ਹਾਂ।

ਇਉਂ ਗੁਰੂ ਹਰਿਗੋਬਿੰਦ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਇਕ ਨਵਾਂ ਨਰੋਆ ਅੰਗ ਪਰਾਪਤ ਕਰ ਲਿਆ। ਗੁਰੂ ਰਾਮ ਦਾਸ ਜੀ ਨੇ ਨਿਮਰਤਾ ਦੀ ਹਦ ਦਸਕੇ ਬਾਬਾ ਸ੍ਰੀ ਚੰਦ ਜੀ ਦਾ ਗੁਸਾ ਠੰਡਾ ਕੀਤਾ ਸੀ। ਪਰ ਗੁਰੂ ਹਰਿਗੋਬਿੰਦ ਜੀ ਨੇ ਪੁਤਰ ਹਵਾਲੇ ਕਰ ਕੇ ਇਕ ਸਦੀ ਤੋਂ ਪਈ ਹੋਈ ਵਿਥ ਨੂੰ ਖਤਮ ਕੀਤਾ। ਇਹ ਗੁਰੂ ਜੀ ਦੀ ਨਿਮਰਤਾ ਤੇ ਕੁਰਬਾਨੀ ਹੀ ਸੀ ਕਿ ਉਦਾਸੀ ਸੰਪਰਦਾ ਔਖੇ ਸਮੇਂ ਸਿੱਖੀ ਨੂੰ ਬਚਾਉਣ ਤੇ ਪਰਚਾਰਨ ਦੇ ਕੰਮ ਆਈ।

ਸਾਨੂੰ ਵਿਚਾਰਨ ਦੀ ਲੋੜ ਹੈ ਕਿ ਅਜੋਕੇ ਸਮੇਂ ਵਿਚ ਬਹੁਤੀ ਸਿਖ ਜਨਤਾ ਕਿਧਰ ਨੂੰ ਜਾ ਰਹੀ ਹੈ। ਭਾਵੇਂ ਗੁਰਮਤਿ ਸਿਧਾਂਤਾ ਦੀ ਸਰੇਸ਼ਟਤਾ ਅਸਾਂ ਕਾਇਮ ਰਖਣੀ ਹੈ। ਗੁਰਮਤਿ ਦ੍ਰਿੜਾਉਣ ਲਈ, ਦਰਸ਼ਨ ਦੀਦਾਰਿਆਂ ਲਈ ਪ੍ਰੇਰਨਾ ਲੈਣ ਲਈ ਗੁਰਮਤਿ ਤੀਰਥਾਂ ਦਾ ਇਸ਼ਨਾਨ ਵੀ ਕਰਨਾ ਹੈ। ਸਿਖੀ ਕਲਚਰ ਕਾਇਮ ਰਖਣ, ਵਿਧਾਨਕ ਢੰਗ ਨਾਲ ਵਿਰੋਧੀਆਂ ਨਾਲ ਵੀ ਨਿਪਟਣਾ ਹੈ, ਪਰ ਅਸੀਂ ਛੋਟੀਆਂ ਛੋਟੀਆਂ ਗਲਾਂ ਲਈ ਕੁਰਬਾਨੀ ਤੇ ਪਰੇਮ ਦੇ ਹਥਿਆਰ ਨਾਲ ਹੀ ਆਪਣੇ ਆਪ ਨੂੰ, ਗੁਰਮਤਿ ਸਿਧਾਂਤਾਂ ਨੂੰ ਕਾਇਮ ਰਖ ਸਕਦੇ ਹਾਂ ਤਾਂ ਹੀ ਅਸੀਂ ਸੱਚੇ ਅਰਥਾਂ ਵਿਚ ਗੁਰੂ ਦੇ ਸਿਖ ਅਖਵਾ ਸਕਦੇ ਹਾਂ।

———



www.AKJ.Org

# ਸਿਰੁ ਬੇਚਿਓ ਸਤਿਗੁਰ ਆਗੇ

(ਪ੍ਰੋ: ਹਰਬੰਸ ਸਿੰਘ)

ਸਾਰੇ ਪਿੰਡ ਵਿੱਚ ਗਲਾਂ ਹੋਣ ਲਗ ਪਈਆਂ —'ਕਲਜੁਗ ਆ ਗਿਆ......ਸ਼ਰਮ ਹਯਾ ਉਡ ਗਈ ...... ਤੀਵੀਆਂ ਮਰਦਾਂ ਦੀ ਬਰਾਬਰੀ ਕਰਨ ਲੱਗ ਪਈਆਂ ......ਵੱਡਿਆਂ ਵਡੇਰਿਆਂ ਦੀਆਂ ਚਾਲੂ ਕੀਤੀਆਂ ਰੀਤਾਂ ਉਲਟਾਣ ਲੱਗੀਆਂ......ਤੀਵੀਆਂ ਭੀ ਪੱਗਾਂ (ਦਸਤਾਰਾਂ) ਬੰਨ੍ਹਣ ਲੱਗ ਪਈਆਂ ......ਜ਼ਮਾਨਾ ਉਲਟਣ ਲੱਗਾ ......ਇਹ ਕਿਸੇ ਭੇਜਲ (ਭਵਜਲ) ਦੀ ਨਿਸ਼ਾਨੀ ਹੈ......ਦੁਨੀਆਂ ਗਰਕ ਹੋਣ ਤੇ ਆਈ ਹੈ ......ਪੜਦਾ (ਘੁੰਡ) ਉਕਾ ਹੀ ਉਡ ਗਿਆ ਆਦਿ।" ਜਦੋਂ ਤੋਂ ਚਰਨ ਕੌਰ ਹੋਰੀ ਅੰਮ੍ਰਿਤ ਛਕਿਆ ਅਤੇ ਖਾਲਸਈ ਰਹਿਤ ਬਹਿਤ ਵਿਚ ਆਕੇ ਗੁਰੂ ਹੁਕਮ—'ਸਾਬਤ ਸੂਰਤਿ ਦਸਤਾਰ ਸਿਰਾ" ਅਨੁਸਾਰ ਦਸਤਾਰ ਸਜਾਈ ਪਿੰਡ ਦੇ ਸਨਾਤਨੀ ਖਿਆਲਾਂ ਦੇ ਲੋਕਾਂ ਵਿੱਚ ਆਮ ਚਰਚਾ ਛਿੜ ਪਈ। ਜਦੋਂ ਕਦੇ ਬੀਬੀ ਚਰਨ ਕੌਰ ਬਾਹਰ ਅੰਦਰ ਜਾਂਦੀ ਤਾਂ ਲੋਕੀਂ ਉਂਗਲਾਂ ਚੁੱਕ ਚੁੱਕ ਗੱਲਾਂ ਕਰਦੇ, ਕਈਆਂ ਨੇ ਚਰਨ ਕੌਰ ਦੇ ਮਰਦਾਵੇਂ ਪਹਿਰਾਵੇ ਦਾ ਜ਼ਿਕਰ ਉਸ ਦੇ ਸਹੁਰੇ ਕੋਲ ਭੀ ਕੀਤਾ ਅਤੇ ਉਸ ਨੂੰ ਆਪਣੀ ਨੂੰਹ ਨੂੰ ਵਰਜਣ ਲਈ ਕਿਹਾ ।

ਬੀਬੀ ਚਰਨ ਕੌਰ ਦਾ ਵਿਆਹ ਛੋਟੀ ਉਮਰ ਵਿਚ ਹੀ ਹੋ ਗਿਆ ਸੀ। ਪੂਰਬਲੇ ਕਰਮਾਂ ਅਨੁਸਾਰ ਉਸ ਨੂੰ ਗੁਰਮੁਖ ਪਤੀ ਮਿਲ ਗਿਆ। ਕੁਝ ਸਾਲਾਂ ਬਾਦ ਜਦੋਂ ਉਹ ਮੁਕਲਾਵੇ ਆਈ ਤਾਂ ਪਤੀ ਦੀ ਪ੍ਰੇਰਨਾ ਅਨੁਸਾਰ ਘੱਗਰੇ ਅਤੇ ਗਹਿਣਿਆਂ ਆਦਿ ਦਾ ਤਿਆਗ ਕਰ ਦਿਤਾ ਸੀ। ਸਹੁਰੇ ਘਰ ਉਹਨਾਂ ਦੇ ਇਸ ਕਦਮ ਦੀ ਕੋਈ ਸਰਾਹਨਾ ਨਾ ਹੋਈ ਸਗੋਂ ਇਸ ਤੋਂ ਉਲਟ ਗੁੱਸੇ ਅਤੇ ਨਾਰਾਜ਼ਗੀ ਦੀ ਅੱਗ ਬਲਣ ਲੱਗ ਪਈ । ਤੀਵੀਆਂ ਚਰਨ ਕੌਰ ਨੂੰ ਗਹਿਣਿਆਂ ਤੋਂ ਬਿਨਾਂ ਬੁੱਸੀ ਬੁੱਸੀ ਦਸਦੀਆਂ ਅਤੇ ਆਦਮੀ ਘੱਗਰੇ ਤੋਂ ਬਿਨਾਂ ਉਸ ਨੂੰ ਦੇਖ ਨਾਂ ਸਖਾਂਦੇ।

ਬੀਬੀ ਚਰਨ ਕੌਰ ਨਿਤ ਦੇ ਉਲਾਂਭਿਆਂ, ਤਾਨ੍ਹਿਆਂ ਮੇਹਣਿਆਂ ਦੀ ਰਤੀ ਭਰ ਵੀ ਪਰਵਾਹ ਨਾਂ ਕਰਦੀ ਹੋਈ ਦਿਨੋ ਦਿਨ ਗੁਰਮਤਿ ਦੀ ਧਾਰਨੀ ਹੁੰਦੀ ਗਈ। ਵੇਹਲੇ ਸਮੇਂ ਨਿਤਨੇਮ ਦਾ ਪਾਠ ਯਾਦ ਕਰਦੀ ਜਾਂ ਫਿਰ ਕੋਈ ਪੁਸਤਕ ਪੜ੍ਹਦੀ । ਰਾਤ ਨੂੰ ਆਪਣੇ ਪਤੀ ਨਾਲ ਗੁਰਮਤਿ ਸੰਬੰਧੀ ਵਿਚਾਰ ਵਟਾਂਦਰਾ ਕਰਦੀ ਅਤੇ ਆਪਣੀਆਂ ਊਣਤਾਈਆਂ ਨੂੰ ਦੂਰ ਕਰਨ ਲਈ ਉਪਰਾਲੇ ਕਰਦੀ।

ਸਮਾਂ ਬੀਤਦਾ ਗਿਆ, ਗੁਰਮੁਖ ਜੋੜਾ ਗੁਰਮਤਿ ਦੇ ਰਸਤੇ ਤੇ ਪੌੜੀਓ ਪੌੜੀ ਅਗਾਂਹ ਵਧਦਾ ਗਿਆ। ਉਨ੍ਹਾਂ ਦੇ ਹਿਰਦੇ ਵਿਚ ਅੰਮ੍ਰਿਤ ਛਕਣ ਦੀ ਲਿੱਲ੍ਹ ਜਾਗ ਉਠੀ।

ਘਰ ਦਿਆਂ ਨੇ ਲੱਖਣ ਲਗਾ ਲਿਆ ਕਿ ਮੁੰਡਾ ਵਿਗੜ ਗਿਆ ਹੈ ਅਤੇ ਇਸ ਨੇ ਵਹੁਟੀ ਨੂੰ ਭੀ ਵਿਗਾੜ ਦਿੱਤਾ ਹੈ। ਉਨ੍ਹਾਂ ਨੇ ਹੋਰ ਕੋਈ ਚਾਰਾ ਨਾਂ ਚਲਦਾ ਦੇਖਕੇ ਚਰਨ ਕੌਰ ਹੋਰਾਂ ਨੂੰ ਜੁਦੇ ਕਰ ਦਿੱਤਾ ਅਤੇ ਘਰੋਂ



www.AKJ.Org

ਕੋਈ ਵੀ ਸਾਮਾਨ ਉਨ੍ਹਾਂ ਨੂੰ ਨਾ ਦਿਤਾ। ਉਨ੍ਹਾਂ ਨੇ ਇਹ ਹਥਕੰਡਾ ਚਰਨ ਕੌਰ ਹੋਰਾਂ ਨੂੰ ਆਪਣੇ ਖਿਆਲ ਅਨੁਸਾਰ ਸਿਧਿਆਂ ਕਰਨ ਵਾਸਤੇ ਵਰਤਿਆ ਪਰ ਉਹ ਇਹ ਨਾਂ ਸਮਝ ਸਕੇ ਕਿ ਗੁਰਮੁਖ ਜੋੜਾ ਤੇ ਸਤਿਗੁਰ ਅਗੇ ਸਿਰ ਵੇਚਣ ਦੀ ਸੋਚੀ ਬੈਠਾ ਹੈ। ਚਰਨ ਕੌਰ ਹੋਰੀਂ ਦੁਨਿਆਵੀ ਮਾਇਆ ਨਾਲੋਂ ਪ੍ਰੀਤ ਤੋੜਕੇ ਅਕਾਲ ਪੁਰਖ ਨਾਲ ਨੇਹ ਜੋੜਨ ਦੇ ਉਪਰਾਲੇ ਕਰ ਰਹੇ ਸਨ। ਜਿਉਂ ਜਿਉਂ ਘਰ ਦੇ ਉਨ੍ਹਾਂ ਨੂੰ ਵਧੇਰੇ ਤੰਗ ਕਰਦੇ ਤਿਉਂ ਤਿਉਂ ਉਹ ਇਨ੍ਹਾਂ ਤੁਕਾਂ ਨੂੰ ਯਾਦ ਕਰਦੇ :—

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰ ਦੀਜੈ ਕਾਣਿ ਨ ਕੀਜੈ॥ (ਸਲੋਕ ਵਾਰਾਂ ਤੇ ਵਧੀਕ)

ਘਰ ਦਿਆਂ ਦੇ ਜੁਦਾ ਕਰਨ ਤੇ ਬੀਬੀ ਚਰਨ ਕੌਰ ਹੋਰਾਂ ਅਕਾਲ ਪੁਰਖ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਪ੍ਰਭੂ ਦੇ ਭਾਣੇ ਵਿਚ ਇਹ ਸ਼ਬਦ ਗੁਣਗਣਾਂਦੇ :—

ਜੇ ਸੁਖੁ ਦੇਹਿ ਤ ਤੁਝਹਿ ਅਰਾਧੀ,
ਦੁਖਿ ਭੀ ਤੁਝੈ ਧਿਆਈ।
ਜੇ ਭੁਖ ਦੇਹਿ ਤਾ ਇਤ ਹੀ ਰਾਜਾ,
ਦੁਖ ਵਿਚਿ ਸੂਖ ਮਨਾਈ।" (ਰਾਗ ਸੂਹੀ ਅਸਟਪਦੀਆਂ ਮ: ੪)

ਸਹੁਰੇ ਘਰ ਦਿਆਂ ਦੇ ਜਦੋਂ ਇਸ ਸਲੂਕ ਦੀ ਖਬਰ ਚਰਨ ਕੌਰ ਦੇ ਪੇਕਿਆਂ ਨੂੰ ਪਹੁੰਚੀ ਤਾਂ ਉਨ੍ਹਾਂ ਨੇ ਘਰ ਦੀਆਂ ਲੋੜੀਦੀਆਂ ਚੀਜ਼ਾਂ ਵਸਤਾਂ ਦਾ ਗੱਡਾ ਭਰਕੇ ਚਰਨ ਕੌਰ ਨੂੰ ਪਹੁੰਚਾ ਦਿਤਾ।

ਅਕਾਲ ਪੁਰਖ ਦੇ ਭਾਣੇ ਅੰਦਰ ਸਬਰ ਸ਼ੁਕਰ ਕਰਦਾ ਗੁਰਮੁਖ ਜੋੜਾ ਪ੍ਰਭੂ ਪ੍ਰੀਤ ਵਲ ਕਦਮ ਅਗਾਂਹ ਵਧਾਂਦਾ ਗਿਆ। ਉਡੀਕਾਂ ਉਡੀਕਦਿਆਂ ਨੂੰ ਉਹ ਘੜੀ ਆ ਬਣੀ ਜਦੋਂ ਉਹ "ਨਵੇਂ ਜੀਵਨ" ਵਾਸਤੇ ਅੰਮ੍ਰਿਤ ਬੂੰਦ ਲਈ ਗੁਰੂ ਸ਼ਰਨ ਗੁਰੂ ਰੂਪ ਪੰਜਾਂ ਪਿਆਰਿਆਂ ਅੱਗੇ ਜਾ ਹਾਜ਼ਰ ਹੋਏ। ਸਤਿਗੁਰੂ ਦੇ ਕਦਮਾਂ ਵਿਚ ਜਾ ਢੱਠੇ ਅਤੇ ਆਪਣੇ ਸੀਸ ਸਤਿਗੁਰੂ ਦੇ ਅੱਗੇ ਅਰਪ ਦਿੱਤੇ।

ਗੁਰੂ ਦੀ ਮਿਹਰ ਅਨੁਸਾਰ ਗੁਰਮੁਖ ਜੋੜਾ ਅੰਮ੍ਰਿਤ ਛਕ ਕੇ "ਖਾਲਸਾ" ਬਣ ਗਿਆ ਅਤੇ ਮਸਤਕ ਮਣੀ ਦਗ ਦਗ ਕਰ ਉੱਠੀ। ਪਿਛਲਾ ਅਨਮਤੀ ਜੀਵਨ ਖਤਮ ਹੋ ਗਿਆ ਅਤੇ ਸਤਿਗੁਰੂ ਦੇ ਘਰ ਨਵਾਂ ਜਨਮ ਮਿਲ ਗਿਆ।

ਘਰ ਵਿਚ ਗਰੀਬੀ ਨੇ ਪੈਰ ਜਮਾਏ ਹੋਏ ਸਨ। ਕਈ ਵੇਰ ਲੰਗਰ ਮਸਤਾਨਾ ਹੀ ਰਹਿੰਦਾ ਅਤੇ ਕੇਵਲ ਜਲ ਛਕ ਕੇ ਹੀ ਝੱਟ ਲੰਘਾਣਾ ਪੈਂਦਾ।

ਕੁਝ ਸਮਾਂ ਪਾ ਕੇ ਰੋਜ਼ਗਾਰ ਦੇ ਚੱਕਰ ਵਿੱਚ ਸਿੰਘ ਸਾਹਿਬ ਬਰਮਾਂ ਨੂੰ ਚਲੇ ਗਏ ਅਤੇ ਪਿਛੇ ਚਰਨ ਕੌਰ ਇਕੱਲੀ ਹੀ ਰਹਿ ਗਈ ਹੁਣ ਤਕ ਚਰਨ ਕੌਰ ਇਕ ਬਾਲ (ਬੱਚੇ) ਦੀ ਮਾਂ ਬਣ ਚੁੱਕੀ ਸੀ।



www.AKJ.Org

ਇਕ ਦਿਨ ਤਿਰਕਾਲਾਂ ਵੇਲੇ ਲੋਕਾਂ ਨੇ ਚਰਨ ਕੌਰ ਦੇ ਸਹੁਰੇ ਨੂੰ ਹੱਥ ਵਿਚ ਕੁਹਾੜੀ ਫੜੀ ਬੜੇ ਰੋਹ ਵਿਚ ਚਰਨ ਕੌਰ ਦੇ ਬੂਹੇ ਵੱਲ ਜਾਂਦਾ ਦੇਖਿਆ। ਚਰਨ ਕੌਰ ਉਸ ਸਮੇਂ ਨਿੱਤ ਵਾਂਗ ਹੱਥ ਵਿਚ ਸਰਬ ਲੋਹ ਦਾ ਗੜਵਾ ਅਤੇ ਮੋਢੇ ਟਕੂਆ ਰੱਖੀ ਜੰਗਲ ਪਾਣੀ ਵਾਸਤੇ ਬਾਹਰ ਜਾਣ ਲੱਗੀ ਸੀ ਕਿ ਉਸ ਦੇ ਸਹੁਰੇ ਨੇ ਉਸ ਨੂੰ ਲਲਕਾਰਿਆ ਅਤੇ ਕਿਹਾ "ਤੈਂ ਸਾਡੀ ਬਥੇਰੀ ਮਿੱਟੀ ਪਲੀਤ ਕਰ ਛੱਡੀ ਆ। ਅਸੀਂ ਹੁਣ ਬਹੁਤੀ ਦੇਰ ਲੋਕਾਂ ਦੀਆਂ ਗੱਲਾਂ ਨਹੀਂ ਸੁਣ ਸਕਦੇ। ਅਜ ਮੈਂ ਤੇਰਾ ਫਸਤਾ ਵੱਢ ਛਡਣਾ ......। ਦੇਖ ! ਜੇ ਬਾਹਰ ਜਾਣਾ ਆ ਤਾਂ ਪੱਗ (ਦਸਤਾਰ) ਲਾਹਕੇ ਜਾ ਨਹੀਂ ਤਾਂ ਮੈਂ ਤੇਰਾ ਸਿਰ ਲਾਹ ਛੱਡਣਾ ਆ" ਚਰਨ ਕੌਰ ਚੁੱਪ ਖਲੋਤੀ ਸੁਣਦੀ ਰਹੀ ਅਤੇ ਕੋਈ ਉੱਤਰ ਨਾ ਦਿਤਾ। "ਚੁੱਪ ਕਿਉਂ ਖੜੀ ਏਂ ? ਬੋਲਦੀ ਕਿਉਂ ਨਹੀਂ ?" ਚਰਨ ਕੌਰ ਦਾ ਸਹੁਰਾ ਕੜਕਿਆ। "ਬਾਪੂ ਜੀ ਇਹ ਸਿਰ ਤੇ ਗੁਰੂ ਦੇ ਵਿੱਕ ਚੁੱਕਾ ਹੈ। ਇਸ ਤੋਂ ਮੈਂ ਦਸਤਾਰ ਨਹੀਂ ਲਾਹ ਸਕਦੀ," ਚਰਨ ਕੌਰ ਨੇ ਨਿਮਰਤਾ ਸਹਿਤ ਉਤਰ ਦਿਤਾ। "ਦਸਤਾਰ ਨਹੀਂ ਲਹਿ ਸਕਦੀ ? ਤਾਂ ਫਿਰ ਤੈਨੂੰ ਸਿਰ ਦੇਣਾ ਪਵੇਗਾ। ਹੁਣ ਤੂੰ ਪੱਗ ਬੰਨ੍ਹ ਕੇ ਬਾਹਰ ਨਹੀਂ ਜਾ ਸਕਦੀ ——। ਸਰਦਲੋਂ ਬਾਹਰ ਹੋ ਵਿਖਾ ਤੇਰਾ ਗਾਟਾ ਨਾ ਲਾਹ ਸੁਟਿਆ।" ਚਰਨ ਕੌਰ ਦੇ ਸਹੁਰੇ ਨੇ ਰੋਹ ਵਿਚ ਬੋਲਦੇ ਹੋਏ ਕਿਹਾ।

ਗਲੀ ਵਿੱਚ ਰੌਲਾ ਸੁਣ ਕੇ ਲੋਕੀਂ ਇਕੱਠੇ ਹੋ ਗਏ ਸਨ। ਚਰਨ ਕੌਰ ਨੇ ਆਪਣੇ ਸਹੁਰੇ ਦੇ ਗੁੱਸੇ ਭਰੇ ਬਚਨ ਸੁਣ ਕੇ ਅਕਾਲ ਪੁਰਖ ਦਾ ਧਿਆਨ ਧਰਦਿਆਂ ਕਿਹਾ, "ਲਓ ਬਾਪੂ ਜੀ ਤੁਸੀਂ ਸਿਰ ਲਾਹ ਦਿਓ ਪਰ ਦਸਤਾਰ ਨਹੀਂ ਲਹਿ ਸਕਦੀ।" ਚਰਨ ਕੌਰ ਦੇ ਦ੍ਰਿੜ੍ਹ ਇਰਾਦੇ ਵਾਲੇ ਬਚਨ ਸੁਣਕੇ ਉਸ ਦਾ ਸਹੁਰਾ ਠਠੰਬਰ ਗਿਆ ਅਤੇ ਕੁਹਾੜੀ ਦਾ ਵਾਰ ਕਰਨ ਦਾ ਹੀਆ ਨਾ ਕਰ ਸਕਿਆ। ਗਲੀ ਵਿੱਚ ਖਲੋਤੇ ਲੋਕਾਂ ਵਿਚੋਂ ਇਕ ਨੇ ਅਵਾਜ਼ ਦਿੱਤੀ, "ਓਏ ਕਿਉਂ ਬਿਚਾਰੀ ਦਾ ਲਹੂ ਪੀਣ ਲੱਗੇ ਹੋਏ ਓ, ਉਸ ਦਾ ਰਾਹ ਕਿਉਂ ਨਹੀਂ ਛਡਦੇ ?' ਚਰਨ ਕੌਰ ਦਾ ਸਹੁਰਾ ਘਬਰਾ ਕੇ ਦੰਦ ਪੀਂਹਦਾ ਪਿਛੇ ਹੱਟ ਗਿਆ ਅਤੇ ਚਰਨ ਕੌਰ ਜੰਗਲ ਪਾਣੀ ਕਰਨ ਬਾਹਰ ਚਲੀ ਗਈ। ਲੋਕੀਂ ਬਿਤਰ ਬਿਤਰ ਦੇਖਦੇ ਰਹਿ ਗਏ।

---


# ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਨ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ। ਮਿਆਨ ਸਰਬ ਲੋਹ ਯਾ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ।

ਇੰਦਰਜੀਤ ਸਿੰਘ
ਕਿਰਪਾਨਾਂ ਵਾਲੇ
੨, ਅਜੀਤ ਨਗਰ, ਅੰਮ੍ਰਿਤਸਰ




www.AKJ.Org

# ਯੂ. ਕੇ. ਵਿਚ ਸਿੱਖੀ ਪ੍ਰਚਾਰ

ਸਿੱਖ ਧਰਮ, ਸਿੱਖੀ ਜਜ਼ਬਾਤ ਤੇ ਸਿੱਖ ਗੁਰੂਆਂ ਦੀ ਉਪਾਸ਼ਨਾ ਤੇ ਇਸ ਧਰਮ ਦੀ ਜਿਉਂਦੀ ਸਾਖ ਨੂੰ ਹੋਰ ਉਭਾਰਨ ਲਈ ਅਤੇ ਸਿੱਖ ਧਰਮ ਨੂੰ ਦੁਨੀਆਂ ਦੀ ਪੱਧਰ ਉਤੇ ਦੇਖਣ ਲਈ ਦਾਸ ਬਾਹਰਲੇ ਦੇਸ਼ਾਂ ਵਿਚ ਧਰਮ ਦੇ ਸੰਚਾਲਨ ਬਾਰੇ ਲਿਖ ਰਿਹਾ ਹੈ । ਭਾਵੇਂ ਪੰਜਾਬੀ ਗਭਰੂ ਜਿਹੜੇ ਸਿੱਖ ਧਰਮ ਦੇ ਵਿਸ਼ਵਾਸਾਂ, ਇਸ ਦੇ ਉਦੇਸ਼ਾਂ ਅਤੇ ਸਿੱਖ ਰਹਿਤ ਵਿਚ ਰਹਿੰਦੇ ਹੋਏ ਬਾਹਰਲੇ ਦੇਸ਼ਾਂ ਵਿਚ ਕਿਸੇ ਹੋਰ ਉਦੇਸ਼ ਨਾਲ ਜਾਂਦੇ ਅਤੇ ਉਥੋਂ ਦੇ ਵਸਨੀਕ ਬਣ ਜਾਂਦੇ ਹਨ । ਉਹ ਪੂਰਨ ਰੂਪ ਵਿਚ ਸਿੱਖੀ ਅਸੂਲਾਂ ਦੇ ਬੰਧੇਜ ਵਿਚ ਨਹੀਂ ਰਹਿ ਸਕੇ ਅਤੇ ਇਸ ਸਬੰਧੀ ਸਾਨੂੰ ਇੰਗਲੈਂਡ ਵਿਚ ਇਹ ਵੇਖ ਕੇ ਅਸਹਿ ਸਦਮਾ ਅਤੇ ਦੁਖ ਹੋਇਆ ਹੈ ਕਿ ਭਾਰਤ ਵਿਚੋਂ ਜਾਣ ਵਾਲੇ ਸਿੱਖ ਜਜ਼ਬਾਤ ਰਖਦੇ ਹੋਏ ਸਿੱਖੀ ਰਹਿਤ ਅਤੇ ਸਿੱਖ ਧਰਮ ਦੇ ਆਦਰਸ਼ਾਂ ਦੇ ਉਲਟ ਆਪਣੀ ਸਿਖੀ ਪਵਿਤਰਤਾ ਨੂੰ ਤਿਆਗ ਕੇ ਆਪਣੇ ਕੇਸ ਕਟਾ ਕੇ ਬੁਨਿਆਦੀ ਤੋਰ ਤੇ ਸਿਖ ਧਰਮ ਦੇ ਅਸੂਲਾਂ ਦੀ ਬੇਨਿਯਮੀ ਕਰ ਦਿੰਦੇ ਹਨ ਅਤੇ ਗੁਰੂ ਸਾਹਿਬਾਨ ਦੇ ਪਾਏ ਹੋਏ ਪੂਰਨਿਆਂ ਦੇ ਉਲਟ ਉਹਨਾਂ ਦੇ ਇਸ ਅਮਲੀ ਜੀਵਨ ਨੂੰ ਸਿੱਖ ਧਰਮ ਤੋਂ ਕੋਹਾਂ ਦੂਰ ਸਮਝਿਆ ਜਾ ਸਕਦਾ ਹੈ ।

ਅਸੀਂ ਉਥੋਂ ਦੇ ਗੁਰਦਵਾਰਿਆਂ ਵਿਚ ਹੀ ਨਹੀਂ ਸਗੋਂ ਉਥੋਂ ਦੇ ਧਾਰਮਿਕ ਆਗੂਆਂ ਵਿਚ ਵੀ ਇਹੋ ਜਿਹੀਆਂ ਬੇਨਿਯਮੀਆਂ ਦੇਖਦੇ ਹਾਂ । ਜਿਥੋਂ ਦੇ ਸਿੱਖ ਸਿਰਫ ਨਾਂ ਦੇ ਹੀ ਸਿਖ ਹਨ ਅਤੇ ਇਹਨਾਂ ਸਿਖ ਭਰਾਵਾਂ ਦੀ ਅਗਲੀ ਪੀੜ੍ਹੀ ਇਸ ਧਰਮ ਤੋਂ ਬੇਮੁਖ ਹੁੰਦੀ ਹੋਈ ਈਸਾਈ ਧਰਮ ਦੇ ਟੋਟੇ ਚੜ੍ਹ ਕੇ ਸਿਧਾਂਤਕ ਤੌਰ ਤੇ ਪਰਚਾਰ ਦੀ ਘਾਟ ਸਮਝਦਿਆਂ ਇੰਗਲੈਂਡ ਵਿਚ ਅਸੀਂ ਸਿੱਖ ਧਰਮ ਦੀ ਇਸ ਮਰ ਰਹੀ ਸ਼ਾਖ ਵਿਚ ਨਵੀਂ ਰੂਹ ਫੂਕਣ ਲਈ ਸਿੱਖ ਮਿਸ਼ਨਰੀ ਸੁਸਾਇਟੀ, ਯੂ. ਕੇ. ਸਥਾਪਤ ਕਰਨ ਦਾ ਫੈਸਲਾ ਕੀਤਾ । ਜਿਸ ਦਾ ਉਦੇਸ਼ ਸਿੱਖ ਧਰਮ ਦੀ ਗੁਮਰਾਹ ਹੋਈ ਜਾ ਰਹੀ ਸਿਖ ਸੰਗਤ ਨੂੰ ਠੀਕ ਰਾਹ ਤੇ ਲਿਆਉਣਾ ਅਤੇ ਕਲਿਆਣਕਾਰੀ ਧਰਮ ਨੂੰ ਨਿਰੋਲ ਪੰਜਾਬ ਅਤੇ ਹਿੰਦ ਪਧਰ ਤੇ ਹੀ ਨਹੀਂ ਸਗੋਂ ਸੰਸਾਰ ਪੱਧਰ ਤੇ ਪਰਚਾਰਨ ਦਾ ਬੀੜਾ ਚੁਕਿਆ ਹੈ । ਇਹ ਖਿਆਲ ਸਾਨੂੰ ਗੁਰੂ ਨਾਨਕ ਸਾਹਿਬ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ ਸਾਲ ੧੯੬੯, ਸਮੇਂ ਆਇਆ ਅਤੇ ਇਸ ਖਿਆਲ ਨੂੰ ਅਸਲੀ ਰੂਪ ਦੇਣ ਲਈ ਅਸੀਂ ਇਸ ਸੰਸਥਾ ਦੇ ਕੰਮਾਂ ਨੂੰ ਉਚੀ ਪੱਧਰ ਤੇ ਸ਼ੁਰੂ ਕਰਕੇ ਪਹਿਲੇ ਗੁਰਦਵਾਰਿਆਂ ਵਿਚ ਸੁਧਾਰ ਤੇ ਨਵੇਂ ਗੁਰਦਵਾਰੇ ਸਥਾਪਤ ਕਰਨ ਦਾ ਬੀੜਾ ਚੁਕਿਆ । ਇਸ ਸੰਸਥਾ ਦੇ ਸੇਵਾਦਾਰ ਪੂਰਨ ਗੁਰਸਿਖਾਂ ਨੂੰ ਥਾਪ ਕੇ ਅਤੇ ਲਿਖਤੀ ਰੂਪ ਵਿਚ ਪੁਸਤਕਾਂ ਦੁਅਰਾ ਅਤੇ ਟਰੈਕਟਾਂ ਦੁਆਰਾ ਸਿਖ ਧਰਮ ਨੂੰ ਪ੍ਰਚਾਰਨਾ ਅਰੰਭ ਕੀਤਾ ਅਤੇ ਸਿਟੇ ਵਜੋਂ ਬਹੁਤ ਸਾਰੇ ਵਿਦੇਸ਼ੀ ਵੀ ਇਸ ਧਰਮ ਤੋਂ ਪ੍ਰਭਾਵਤ ਹੁੰਦੇ ਜਾਪੇ । ਉਹਨਾਂ ਵਿਚ ਵੀ ਇਸ ਧਰਮ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਚਾਅ ਪੈਦਾ ਹੋਇਆ । ਸਿਖ ਧਰਮ ਦੇ ਬੇਲਾਗ ਬੱਚਿਆਂ ਨੂੰ ਈਸਾਈ ਧਰਮ ਦੀ ਜਾਗ ਲੱਗਣ ਦੇ ਖਤਰੇ ਤੋਂ ਰੋਕਣ ਲਈ ਪ੍ਰਾਇਮਰੀ ਤੇ ਮਿਡਲ ਪੱਧਰ ਦੇ ਸਿਖ



www.AKJ.Org

ਵਿਦਿਆਰਥੀਆਂ ਨੂੰ ਸਿੱਖ ਗੁਰੂਆਂ ਤੇ ਸਿੱਖ ਧਰਮ ਨਾਲ ਸਬੰਧਤ ਸਾਹਿਤ ਪੜ੍ਹਾਉਣ ਦਾ ਉਪਰਾਲਾ ਕੀਤਾ। ਇਸ ਦੇ ਨਾਲ ਨਾਲ ਸਮੇਂ ਸਮੇਂ ਆਉਂਦੇ ਸਿਖ ਗੁਰੂਆਂ ਦੇ ਗੁਰਪੁਰਬ ਅਤੇ ਸ਼ਹੀਦੀ ਦਿਨਾਂ ਦੀ ਜਾਦ ਮਨਾਉਣ ਵਜੋਂ ਅਮਲੀ ਰੂਪ ਵਿਚ ਸਮਾਗਮ ਮਨਾਉਣ ਸ਼ੁਰੂ ਕੀਤੇ ਅਤੇ ਤਸਵੀਰਾਂ ਸਾਹਿਤ ਪੁਸਕਤਾਂ ਛਾਪ ਕੇ ਸਿਖ ਗੁਰੂਆਂ ਦੀਆਂ ਪ੍ਰੇਰਨਾਵਾਂ ਅਤੇ ਸਿਖਿਆਵਾਂ ਨੂੰ ਆਪਣੇ ਅਤੇ ਨਾਲ ਹੀ ਬਾਹਰਲੇ ਦੇਸ਼ਾਂ ਦੇ ਲੋਕਾਂ ਦੇ ਦਿਲ ਦੀ ਧੜਕਨ ਬਨਾਉਣ ਵਿਚ ਕਾਫੀ ਸਫਲਤਾ ਪ੍ਰਾਪਤ ਕਰ ਰਹੇ ਹਾਂ।

ਸਿਖ ਮਿਸ਼ਨਰੀ ਸੁਸਾਇਟੀ, ਯੂ. ਕੇ. ਵਲੋਂ ਹੇਠ ਲਿਖੇ ਅਨੁਸਾਰ ਸਮੇਂ ਸਮੇਂ ਸਿਖ ਸਾਹਿਤ ਛਾਪ ਕੇ ਵੰਡਿਆ ਜਾ ਚੁਕਾ ਹੈ :—

(1) **Introduction to Sikhism Nov. 1969, 25000 Copies.** (2) **Why do Sikhs wear Turbans and Beards ? 1970, 20000 Copies.** (3) **Guru Nanak (For Children)** Oct. 1969, **5000 Copies, March 1970, 2000 Copies, Feb. 1971, 3000 Copies.** (4) **Guru Arjan, May 1970, 5000 Copies.** (5) **The Guru's Why, Sept. 1970, 10000 Copies. (For Children)** (6) **The Sikh Symbols April 1971, 5000 Copies.** (7) **In The Gurus Foot Steps. July 1971, 10000 Copies.** (8) **Sikh Tha Kara, In Press.**

ਇਥੇ ਹੀ ਬਸ ਨਹੀਂ ਇਸ ਸੁਸਾਇਟੀ ਵਲੋਂ ਕਿਸਮਿਸ ਦੇ ਦਿਨਾਂ ਵਿਚ ਜਿਥੇ ਹਰ ਸਾਲ ਈਸਾ ਮਸੀਹ ਦੇ ਪ੍ਰਚਾਰ ਨਾਲ ਸਬੰਧਤ ਵਧਾਈ ਕਾਰਡ ਸਾਡੇ ਸਿਖ ਭਰਾਵਾਂ ਅਤੇ ਬੱਚਿਆਂ ਦੇ ਹੱਥ ਵਿਚ ਪਹੁੰਚਦੇ ਸਨ ਉਸ ਪ੍ਰਭਾਵ ਨੂੰ ਘਟਾਉਣ ਲਈ ਅਤੇ ਆਪਣੇ ਸਿਖ ਗੁਰੂਆਂ ਦੀ ਜਾਣਕਾਰੀ ਅਤੇ ਇਹਨਾਂ ਦੀ ਸਿਖਿਆ ਦੇ ਪ੍ਰਚਾਰ ਨੂੰ ਵਧੇਰੀ ਥਾਂ ਦੇਣ ਲਈ ਗੁਰੂ ਸਾਹਿਬਾਨ ਦੀਆਂ ਰੰਗਲੀਆ ਤਸਵੀਰਾਂ ਸਹਿਤ ਗੁਰਪੁਰਬ ਦੇ ਸਮਿਆਂ ਉਪਰ ਵਧਾਈ ਕਾਰਡ ਦੇਣ ਦੇ ਰਿਵਾਜ ਨੂੰ ਅਮਲੀ ਰੂਪ ਦਿਤਾਂ ਅਤੇ ਹੇਠ ਲਿਖੇ ਸਮੇਂ ਭਿੰਨ ਭਿੰਨ ਪ੍ਰਕਾਰ ਦੇ ਵਧਾਈ ਕਾਰਡ ਛਾਪੇ ਅਤੇ ਵੰਡੇ ਜਾਂਦੇ ਰਹੇ :—

(1) ਸ੍ਰੀ ਗੁਰੂ ਨਾਨਕ ਦੇਵ ਜੀ ਦੇ 501 ਸਾਲਾ ਜਨਮ ਉਤਸਵ 1970। (2) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਉਤਸਵ 1970। (3) ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਉਤਸਵ ਸਮੇਂ 1971। (4) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਉਤਸਵ ਸਮੇਂ 1971। (5) ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਦੀਆਂ ਤਸਵੀਰਾਂ। (6) ਸਿਖ ਮਿਸ਼ਨਰੀ ਸੁਸਾਇਟੀ ਦੇ ਨਾਂ ਦੀਆਂ ਪੈਨ, ਪੈਨਸਲਾਂ ਬਚਿਆਂ ਲਈ।

ਸੋ ਦਾਸ ਇਸ ਸਿਖ ਮਿਸ਼ਨਰੀ ਸੁਸਾਇਟੀ ਯੂ. ਕੇ. ਵਲੋਂ ਆਪਣੇ ਪੰਜਾਬੀ ਸਿਖ ਭਰਾਵਾਂ ਅਤੇ ਭਾਰਤ ਦੇ ਸਿਖ ਧਰਮ ਦੇ ਵਿਚ ਵਿਸ਼ਵਾਸ ਰੱਖਣ ਵਾਲੇ ਸਰਧਾਲੂਆਂ ਅਤੇ ਖਾਸ ਤੌਰ ਤੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਗੇ ਅਪੀਲ ਕਰਦਾ ਹੈ ਕਿ ਸਿਖ ਧਰਮ ਦੇ ਪਰਚਾਰ ਲਈ ਇਸ ਦੀਆਂ ਸਿਖਿਆਵਾਂ ਆਦਰਸ਼ਾਂ ਅਤੇ ਅਸੂਲਾਂ ਨੂੰ ਉਚ ਪੱਧਰ ਤੇ ਇਸ ਦਾ ਸੰਚਾਲਨ ਕਰਨ ਵਿਚ ਵਧ ਤੋਂ ਵਧ ਪ੍ਰਚਾਰਕ ਮੌਕੇ ਪੈਦਾ ਕਰਨ ਅਤੇ ਸਿਖ ਮਿਸ਼ਨਰੀ ਸੰਸਥਾ ਕਾਇਮ ਕਰਨ ਤਾਂ ਜੋ ਸਿਖ ਗੁਰੂਆਂ ਅਤੇ ਸਿਖ ਧਰਮ ਦਾ ਸਹੀ ਪਰਚਾਰ ਕਰਨ ਦੇ ਯਤਨ ਅਰੰਭੇ ਜਾਣ।



www.AKJ.Org

ਦਾਸ ਇਹ ਵੀ ਅਪੀਲ ਕਰਦਾ ਹੈ ਕਿ ਜਿੰਨੀ ਦੇਰ ਪੰਜਾਬ ਜਾਂ ਭਾਰਤ ਵਿਚ ਇਹ ਸੰਸਥਾ ਅਮਲੀ ਰੂਪ ਵਿਚ ਨਹੀਂ ਆਉਂਦੀ ਉਨਤੀ ਦੇਰ ਸਿਆਣੇ ਅਤੇ ਵਿਦਵਾਨ ਸਜਣ ਆਪਣੇ ਵੀਚਾਰ ਜੋ ਸਿਖ ਧਰਮ ਦੇ ਪ੍ਰਚਾਰ ਵਿਚ ਸਹਾਈ ਹੋ ਸਕਦੇ ਹੋਣ ਲਿਖਤੀ ਰੂਪ ਵਿਚ ਪੰਜਾਬੀ ਜਾਂ ਅੰਗਰੇਜ਼ੀ ਵਿਚ ਲੇਖਾਂ ਜਾਂ ਪੁਸਤਕਾਂ ਦੁਆਰਾ ਇਸ ਸੁਸਾਇਟੀ ਨੂੰ ਭੇਜਣ ਦਾ ਪ੍ਰਬੰਧ ਕਰਨ । ਸੁਸਾਇਟੀ ਉਹਨਾਂ ਸਜਣਾਂ ਦੀ ਅਤੀ ਧੰਨਵਾਦੀ ਹੋਵੇਗੀ । ਸਿਖ ਮਿਸ਼ਨਰੀ ਸੁਸਾਇਟੀ ਯੂ. ਕੇ. ਇਸ ਕਮ ਨੂੰ ਅਗੇਤ ਦੇਵੇਗੀ ਅਤੇ ਇਹ ਸਾਹਿੱਤ ਛਪਵਾਉਣ ਅਤੇ ਵੰਡਣ ਵਿਚ ਆਪਣਾ ਪੂਰਾ ਤਾਣ ਲਾਏਗੀ ।

ਪੁਛ ਗਿੱਛ ਤੇ ਵਧੇਰੇ ਜਾਣਕਾਰੀ ਲਈ :

ਮਿਹਰ ਸਿੰਘ, ਸੇਵਾਦਾਰ,

ਗੁਰੂ ਸੰਗਤ ਦਾ ਦਾਸ : ਸਿਖ ਮਿਸ਼ਨਰੀ ਸੁਸਾਇਟੀ, ਯੂ ਕੇ. ।

**29, Kensington Ave. Manor Park London. E. 12 (U. K.)**

———

ੴ ਵਾਹਿਗੁਰੂ ਜੀ ਕੀ ਫਤਿਹ ॥

ਪੋਥੀ ਪ੍ਰਮੇਸ਼ਰ ਕਾ ਥਾਨ ॥ (ਪਾ: ੫)

ਜੋ ਸਿਖ ਗੁਰ ਦਰਸ਼ਨ ਕੀ ਚਾਹਿ ।
ਦਰਸਨ ਕਰੇ ਗ੍ਰੰਥ ਜੀ ਆਇ ॥ (ਰਹਿਤ ਨਾਮਾ,

ਸ੍ਰੀ ਹੇਮ ਕੁੰਡ ਸਾਹਿਬ ਜੀ ਦੀ ਯਾਤਰਾ ਮਿਤੀ 4-9-68 ਲਈ ਅਖੰਡ ਕੀਰਤਨ ਜਥੇ ਵਲੋਂ ਪ੍ਰੋਗਰਾਮ ਬਨਿਆ ਅਤੇ ਇਸ ਯਾਤਰਾ ਦੀ ਸਫਲਤਾ ਉਪ੍ਰੰਤ ਸੰਗਤਾਂ ਦੀ ਪ੍ਰਵਾਨਗੀ ਅਨੁਸਾਰ ਤਪ ਅਸਥਾਨ ਤੇ ਹੀ

## "ਜੁਗੋ ਜੁਗ ਅਟੱਲ ਸ਼ਬਦ ਗੁਰੂ"

ਗੁਰੂ ਗਰੰਥ ਸਾਹਿਬ ਜੀ ਦੀ ਧੁਰ ਕੀ ਬਾਣੀ ਦੇ ਕੀਰਤਨ ਆਦਿ ਤੋਂ ਅੰਤ ਤਕ ਕਰਨ ਲਈ ਕਮਰਕਸੇ ਕੀਤੇ ਗਏ ।

ਇਸ ਮਹਾਨ ਹਰੀਯਸ ਕੀਰਤਨ ਦਾ ਅਰੰਭ ਮਿਤੀ 14-2-69 ਗੁਰਦਵਾਰਾ ਕਾਕੀ ਪਿੰਡ ਹੁਸ਼ਿਆਰਪੁਰ, ਰੋਡ ਜਲੰਧਰ ਛਾਵਣੀ ਵਿਖੇ ਹੋਇਆ । ਵਾਹਿਗੁਰੂ ਤੇ ਸ਼ਬਦ ਗੁਰੂ ਨੇ ਆਪਣੀ ਅਪਾਰ ਕ੍ਰਿਪਾ ਦਵਾਰਾ ਮੱਧ ਦੇ ਭੋਗ ਅਖੰਡ ਕੀਰਤਨੀ ਜਥਿਆਂ ਦੀ ਨਾਮ ਰਸ ਭਿੰਨੀ ਰੈਣ ਸਬਾਈ ਉਪਰੰਤ ਦਸੰਬਰ 1970 ਵਿਚ ਪਵਾਏ ਸਨ ।

ਸਰਬਤ ਖਾਲਸੇ ਅਤੇ ਸਮੂਹ ਸਿਖ ਜਗਤ ਨੂੰ ਇਹ ਜਾਣ ਕੇ ਅਤੀ ਪਰਸਨਤਾ ਵੇਗੀ ਹੋਕਿ ਸਤਿਗੁਰ ਸਚੇ



www.AKJ.Org

ਪਾਤਸ਼ਾਹ ਜੀ ਦੀ ਅਪਾਰ ਕਿਰਪਾ ਅਤੇ ਮੇਹਰ ਸਦਕਾ ਸੰਪੂਰਨ ਕੀਰਤਨ ਦੇ ਭੋਗ ਨੇੜੇ ਪਹੁੰਚ ਰਹੇ ਹਨ। ਵਾਹਿਗੁਰੂ ਜੀ ਤੇ ਸੰਗਤਾਂ ਦੀ ਬਖਸ਼ਸ ਦਵਾਰਾ ਇਹ ਮਹਾਨ ਯਾਦਗਾਰੀ ਜੜਨ ਤੇ ਕੁਰਬਾਨੀ ਦੇ ਪੁੰਜ ਗੁਰਮਤ ਰਹਿਣੀ ਦੇ ਪੂਰੇ ਸੂਰੇ ਨਾਮ ਬਾਣੀ ਤੇ ਕੀਰਤਨ ਰਸੀਏ ਭਾਈ ਸਾਇਬ ਭਾਈ ਰਣਧੀਰ ਸਿੰਘ ਜੀ ਦੀ ਲਾਈ ਕੀਰਤਨ ਫੁਲਵਾੜੀ ਦੇ ਰੰਗ ਰਤੜੇ ਕੀਰਟਨੀਆਂ ਦਵਾਰਾ ਕੀਰਤਨ ਦੀਆਂ ਘੁਮਰਾਂ ਪਾ ਕੇ ਗੁਰੂ ਖੁਸ਼ੀਆਂ ਪ੍ਰਾਪਤ ਕਰਨ ਦਾ ਸੰਕੱਲਪ ਹੈ।

ਸਮੂਹ ਸੰਗਤਾਂ ਅਗੇ ਬਿਨੈ ਹੈ ਕਿ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਹਾਜ਼ਰੀਆਂ ਭਰਕੇ ਵਾਹਿਗੁਰੂ ਦੇ "ਦੂਸਰ ਰੂਪ ਗਰੰਥ ਜੀ ਜਾਨ" ਦੇ ਇਸ ਮਹਾਨ ਉਤਸਵ ਉਤੇ ਜਗਤ ਕਲਿਆਨ ਰੂਪ "ਕਲਜੁਗ ਮਹਿ ਕੀਰਤਨ ਪ੍ਰਧਾਨਾ" ਦੇ ਆਪ ਲਾਹੇ ਲੈਣ ਤੇ ਹੋਰਨਾਂ ਪ੍ਰੇਮੀਆਂ ਨੂੰ ਪ੍ਰੇਰਨਾ ਕਰਕੇ ਜਨਮ ਸਫਲ ਕਰਣ।

## ਪਰੋਗਰਾਮ

18. 5. 72 ਵੀਰਵਾਰ

ਕੀਰਤਨ ਆਸਾ ਦੀ ਵਾਰ ਸਵੇਰੇ 3 ਵਜੇ ਤੋਂ 5 ਵਜੇ ਤਕ।

ਅਰੰਭ ਸ੍ਰੀ ਅਖੰਡ ਪਾਠ 5 ਵਜੇ।

20. 5. 72 (ਸਨੀਚਰਵਾਰ)

ਭੋਗ ਸ੍ਰੀ ਅਖੰਡ ਪਾਠ 5 ਵਜੇ ਸਵੇਰੇ।

ਅਰੰਭ ਅਖੰਡ ਕੀਰਤਨ 6 ਵਜੇ ਤੋਂ 12.00 ਵਜੇ ਤਕ।

21. 5. 72

ਸਮਾਪਤੀ ਰੈਣ ਸਬਾਈ 6 ਵਜੇ ਸਵੇਰੇ।

19. 5. /2 ਸ਼ੁਕਰਵਾਰ

ਪਾਠ ਸੋਦਰ ਰਹਿਰਾਸ 7.30 ਸ਼ਾਮ

ਅਖੰਡ ਕੀਰਤਨ 8.00 ਤੋਂ 9.30

20. 5. 72 (ਸਨੀਚਰਵਾਰ)

ਪਾਠ ਸੋਦਰ ਰਹਿਰਾਸ ਸਾਹਿਬ 7.30

ਅਰੰਭ ਅਖੰਡ ਕੀਰਤਨ ਰੈਣ ਸਬਾਈ 8.00 ਵਜੇ ਰਾਤ।

ਅੰਮਰਤ ਸੰਚਾਰ :— ਪੀਵਉ ਪਾਹੁਲ ਖੰਡੇ ਧਾਰ ਹੋਏ ਜਨਮ ਸੁਹੇਲਾ। ਅਮ੍ਰਿਤ ਅਭਿਲਾਸ਼ੀ ਸਜਣ 20-5-72 ਨੂੰ ਪੰਜ ਕਕਾਰੀ ਰਹਿਤ ਸਹਿਤ ਸਕੇਸ਼ ਇਸ਼ਨਾਨ ਕਰਕੇ ਦੋ ਵਜੇ ਪੰਡਾਲ ਵਿਚ ਪਹੁੰਚ ਜਾਣ।



www.AKJ.Org

# ਹਾਲ ਮੁਰੀਦਾਂ ਦਾ ਕਹਿਣਾ

(ਗਿਆਨੀ ਸੇਵਾ ਸਿੰਘ 'ਸੇਵਕ' ਤਰਨਤਾਰਨ)

ਪੌਣੇ ਕੁ ਤਿੰਨ ਸਦੀਆਂ ਪਹਿਲਾਂ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਸਵੀਂ ਜੋਤ, ਮਰਦ ਅਗੰਮੜੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅਕਾਲ ਪੁਰਖ ਦੇ ਹੁਕਮ ਅਨੁਸਾਰ, ਸੰਸਾਰ ਵਿਚ ਆਦਰਸ਼ਕ ਮਾਨਵਤਾ ਦਾ ਸਰੂਪ 'ਖਾਲਸਾ' ਸਾਜਿਆ ਸੀ । ਇਹ ਖਾਲਸਾ ਪੰਥ,ਜੋ ਪੰਜਾਂ ਪਿਆਰਿਆਂ ਦਾ ਵਿਸਥਾਰਕ ਰੂਪ ਹੈ' ਤਦ ਤੋਂ ਲੈ ਕੇ ਜਗਤ-ਸੇਵਾ ਲਈ ਅਨੇਕਾਂ ਕੁਰਬਾਨੀਆਂ ਕਰਦਾ ਹੋਇਆ, ਸਰਬੱਤ ਦੇ ਭਲੇ ਦਾ ਜਾਚਕ ਹੋ ਕੇ, ਆਪਣੇ ਆਭਾ, ਓਜ ਤੇ ਜਲਾਲ ਭਰੇ ਭਗਤੀ ਤੇ ਸ਼ਕਤੀ ਸੰਪੰਨ ਰੂਪ ਵਿਚ ਸੰਸਾਰ ਦੀ ਸੇਵਾ ਲਈ ਸਦਾ ਹੀ ਤਤਪਰ ਹੈ । ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਪੂਰਬ, ਸੰਪੂਰਨ ਤੇ ਬੇ-ਮਿਸਾਲ ਗਿਆਨ ਦੀ ਤਾਬਿਆ ਖ਼ਾਲਸਾ ਪੰਥ, ਆਪਣੇ ਸਰਬ-ਸੰਸਾਰਕ ਅਸੂਲਾਂ ਦੀ ਰੌਸ਼ਨੀ ਵਿਚ ਪ੍ਰੇਮ, ਨਿਮਰਤਾ, ਸਹੋਦਰਤਾ, ਹਿੰਮਤ ਸੇਵਾ, ਸਿਮਰਨ, ਸੁਕ੍ਰਿਤ, ਅੰਮ੍ਰਿਤ-ਧਾਰੀ; ਰਹਿਤ ਵਾਨ, ਅਗਾਂਹ ਵਾਧੂ, ਤੇ ਸਿੰਘ-ਸਰੂਪ ਵਿਚ ਹੋਰ ਧਰਮਾਂ ਲਈ ਇਕ ਮਿਸਾਲ ਕਾਇਮ ਕਰ ਰਿਹਾ ਹੈ । ਭਾਵੇਂ ਰਹਿਤ ਮਰਿਆਦਾ ਵਿਚ ਕਿਸੇ ਕਿਸੇ ਵੇਲੇ ਢਿਲਿਆਈ ਆ ਵਾਪਰਦੀ ਰਹੀ ਹੈ । ਪਰ ਖ਼ਾਲਸੇ ਵਿਚ ਪਰਿਵਰਤਿਤ ਹੁੰਦੀਆਂ ਪਰਿਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲ ਲੈਣ ਦੀ ਸਮਰਥਾ ਸਦਾ ਕਾਇਮ ਰਹੀ ਹੈ ।

ਅਸੀਂ ਸ੍ਰੀ ਕਲਗੀਧਰ ਜੀ ਦੇ ਅਵਤਾਰ ਗੁਰਪੁਰਬ ਹਰ ਸਾਲ ਖੇਚਲ ਤੇ ਖ਼ਰਚ ਕਰ ਕੇ ਬੜੇ ਉਤਸ਼ਾਹ ਨਾਲ ਮਨਾਉਂਦੇ ਹਾਂ ਪਰ ਇਸ ਅਵਸਰ ਨੂੰ ਸਵੈ-ਪੁੱਛਾਂ, ਸਵੈ-ਪੜਚੋਲ, ਸਵੈ-ਘੋਖਨਾ ਤੇ ਸਵੈ-ਅੰਤਰ ਝਾਤ ਦਾ ਵਿਸ਼ਾ ਨਹੀਂ ਬਣਾਇਆ । ਆਓ ! ਅੱਜ ਵਿਚਾਰੀਏ ਕਿ ਅਸੀਂ ਕਿਥੋਂ, ਕਿਥੋਂ ਆ ਖੜੇ ਹੋਏ ਹਾਂ ।

ਬਾਬਾ ਬੰਦਾ ਸਿੰਘ ਬਹਾਦਰ ਤੇ ਉਸ ਦੇ ਸਾਥੀ ਸਿੰਘਾਂ ਨੇ ਬੀਰਤਾ ਤੇ ਕੁਰਬਾਨੀ ਦੀਆਂ ਸਿਖਰਾਂ ਛੂਹ ਕੇ ਕੌਮ ਵਿਚ ਆਤਮ-ਸੱਤਾ ਦੇ ਨਾਲ ਨਾਲ ਧਰਮ ਪਰਪੱਕਤਾ ਤੇ ਰਾਜ-ਸੱਤਾ ਲਿਆਂਦੀ । ਇਸ ਦਾ ਫਲ ਰੂਪ, ਖਾਲਸੇ ਦੀ ਸਾਜਨਾ ਤੋਂ ਸੌ ਸਾਲ ਪਿਛੋਂ ਪੰਜਾਬ ਵਿਚ ਖਾਲਸੇ ਦਾ ਆਦਰਸ਼ਕ ਰਾਜ ਕਾਇਮ ਹੋਇਆ । ਇਸ ਰਾਜ ਦੇ ਪਤਨ ਦੇ ਕਾਰਨ ਸੌ ਸਾਲ ਪਿਛੋਂ ਸਿੰਘ ਸਭਾ ਲਹਿਰ ਸ਼ੁਰੂ ਹੋਈ ਜਿਸ ਨੇ ਖਾਲਸੇ ਵਿਚ ਮੁੜੀ ਈਸ਼ਵਰ-ਭਗਤੀ, ਗੁਰੂ ਭਗਤੀ, ਸਤਸੰਗੀ ਸਾਂਝ, ਮੈਤ੍ਰ ਭਾਵ, ਨਿਮਰਤਾ, ਸੇਵਾ ਸਰਬ ਸਾਂਝੇ ਪਿਆਰ ਦਾ ਜਜ਼ਬਾ ਪੈਦਾ ਕੀਤਾ । ਗੁਰਦਵਾਰਾ ਸੁਧਾਰ ਲਹਿਰ ਨੇ ਕੌਮ ਵਿਚ ਜਾਗਰਤੀ, ਸਾਹਸ, ਜਥੇਬੰਦੀ, ਆਤਮ ਨੁਛਾਵਰਤਾ ਤੇ ਕੁਰਬਾਨੀ ਨੂੰ ਜਨਮ ਦਿੱਤਾ ਪਰ ਗੁਰਦਵਾਰਾ ਐਕਟ ਅਨੁਸਾਰ ਸਿੱਖੀ ਅਸੂਲਾਂ ਤੇ ਗੁਰਮਤ ਪਰਚਾਰ ਤੋਂ ਦੂਰ ਲੈ ਜਾਣ ਵਾਲੇ, ਚੋਣਾਂ ਦੇ ਗਲਤ ਤਰੀਕੇ ਨੇ ਸਿੱਖਾਂ ਨੂੰ ਧੜੇਬੰਦੀਆਂ ਵਿਚ ਵੰਡ ਕੇ, ਫੁੱਟ, ਦਵੇਖ, ਈਰਖਾ, ਹਉਮੈ, ਖੁਦਗਰਜ਼ੀ, ਭ੍ਰਿਸ਼ਟਾਚਾਰ ਤੇ ਮਾਨਵ ਪੂਜਾ ਦੀ ਹਾਨੀਕਾਰਕ ਖੇਡ ਵਿਚ ਲਾ ਦਿੱਤਾ । ਸ਼੍ਰੋਮਣੀ ਕਮੇਟੀ ਇਕ ਰਸਮੀ ਸਰਕਾਰੀ ਮਹਿਕਮਾ ਬਣ ਕੇ ਰਹਿ ਗਈ ।



www.AKJ.Org

ਸਿੱਖੀ ਜੀਵਨ, ਨਾਮ ਬਾਣੀ ਦਾ ਪ੍ਰੇਮ, ਗੁਰ ਸਤਿਕਾਰ, ਪ੍ਰੇਮਾ ਭਗਤੀ, ਭਉ ਤੇ ਭਾਉ, ਖਾਲਸਾਈ ਸਾਂਝ ਤੇ ਪ੍ਰਸਪਰ ਪਿਆਰ ਘਟਣ ਲਗਾ। ਕੌਮ ਵਿਚ ਆ ਚੁਕੇ ਔਗੁਣਾਂ ਕਾਰਨ, ਬੜੀਆਂ ਘਾਲਨਾਵਾਂ ਨਾਲ ਪਰਾਪਤੀ ਕੀਤੀ ਰਾਜਸੀ ਸੱਤਾ ਦੀ ਗਲਤ ਵਰਤੋਂ ਨੇ ਭਰਾ ਨੂੰ ਭਰਾ ਦਾ ਵਿਰੋਧੀ ਬਣਾ ਦਿੱਤਾ। ਆਗੂਆਂ ਵਿਚ ਵਾਪਰ ਚੁਕੀ ਮਾਇਆ ਦੀ ਤ੍ਰਿਸ਼ਨਾ ਤੇ ਚੌਧਰ ਦੀ ਭੁਖ ਨੇ ਇਕ ਦੂਜੇ ਦਾ ਸਤਿਕਾਰ ਤੇ ਪਿਆਰ-ਸਾਂਝ ਘਟਾ ਕੇ ਕੌਮ ਨੂੰ ਨਿਆਸਰੀ, ਵਿਕਾਰ ਹੀਣ ਤੇ ਨਿਤਾਣੀ ਬਣਾ ਦਿੱਤਾ। ਨਵੀਂ ਪੀੜ੍ਹੀ ਚੰਗੀ ਅਗਵਾਈ ਤੋਂ ਵੰਚਿਤ ਹੋ ਜਾਣ ਕਰਕੇ ਨਿਰਾਸਤਾ, ਨਾਸਤਕਤਾ ਤੇ ਪਤਿਤਤਾਈ ਦੇ ਰਾਹ ਪੈ ਰਹੀ ਹੈ। ਕੌਮ ਦੀ ਜਿੰਦ ਜਾਨ ਤੇ ਕੇਂਦਰੀ ਧੁਰੇ, ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਿਖਿਆ ਤੋਂ ਦੂਰ ਜਾ ਕੇ ਅਸੀਂ ਲੋਕ ਤੇ ਪਰਲੋਕ ਦੀ ਸਫਲਤਾ ਤੋਂ ਹੱਥ ਧੋ ਰਹੇ ਹਾਂ। ਇਹ ਹੈ ਕਲਗੀਧਰ ਜੀ ਦੇ ਮੁਰੀਦਾਂ ਦਾ ਹਾਲ।

ਛੋਟੀ ਜਿਹੀ ਸਿੱਖ ਕੌਮ ਵਿਚੋਂ ਗ਼ਦਰ ਲਹਿਰ, ਅਕਾਲੀ ਲਹਿਰ ਤੇ ਹੋਰ ਅੰਗਰੇਜ਼ ਵਿਰੋਧੀ ਲਹਿਰਾਂ ਵਿਚ ੬੦ ਹਜ਼ਾਰ ਸਿਖ ਕੈਦ ਹੋਏ, ਪੰਜ ਸੌ ਦੇ ਕਰੀਬ ਸ਼ਹੀਦ ਹੋਏ, ੨੦ ਲੱਖ ਰੁਪਏ ਦੇ ਕਰੀਬ ਜੁਰਮਾਨੇ ਤੇ ਕੁਰਕੀਆਂ ਹੋਈਆਂ, ਸੈਂਕੜੇ ਸਿੱਖ ਸਰਕਾਰੀ ਨੌਕਰੀ ਤੋਂ ਵੇਹਲੇ ਹੋਏ। ਦੇਸ਼ ਦੀ ਵੰਡ ਸਮੇਂ ਸਿੱਖਾਂ ਦਾ ਕਦੀ ਪੂਰਾ ਨਾ ਹੋਣ ਵਾਲਾ ਅਮਿੱਤ ਨੁਕਸਾਨ ਕੌਮ ਦਾ ਲੱਕ ਤੋੜ ਗਿਆ ਪਰ ਸਾਹਸ, ਬਲ ਤੇ ਉਤਸ਼ਾਹ ਦੇ ਆਸਰੇ ਇਹ ਕੌਮ ਫੇਰ ਪੈਰਾਂ ਤੇ ਖੜੀ ਹੋ ਗਈ। ਚੀਨ ਤੇ ਪਾਕਿਸਤਾਨ ਨਾਲ ਹੋਏ ਜੰਗਾਂ ਵਿਚ ਜਿਸ ਬੀਰਤਾ, ਤਿਆਗ ਤੇ ਕੁਰਬਾਨੀ ਦਾ ਵਿਖਾਵਾ ਇਸ ਥੋੜ੍ਹੀ ਗਿਣਤੀ ਵਾਲੀ ਕੌਮ ਨੇ ਕੀਤਾ, ਉਹ ਆਪਣੀ ਮਿਸਾਲ ਆਪ ਹੈ, ਪਰ ਭਾਰਤ ਦੀ ਰੀੜ੍ਹ ਦੀ ਹੱਡੀ ਤੇ ਖੜਗ ਭੁਜਾ ਸਿਖ, ਅੱਜ ਭਾਰਤ ਵਿਚ ਹੀ ਦੂਜੇ ਦਰਜੇ ਦਾ ਸ਼ਹਿਰੀ ਬਣ ਕੇ ਰਹਿ ਗਿਆ ਹੈ। ਅਜ ਪੰਥ ਦੀ ਆਜ਼ਾਦ ਹਸਤੀ, ਸਿੱਖੀ ਸਰੂਪ ਦੀ ਸੁਰਖਿਆ, ਦਾੜ੍ਹੀ ਕੇਸਾਂ ਦੀ ਹੋਂਦ ਸਿਖ ਸਿਧਾਂਤਾਂ, ਸਿੱਖ ਸਭਿਆਚਾਰ ਤੇ ਸਿੱਖੀ ਰਹੁ-ਰੀਤੀਆਂ ਦੀ ਕਾਇਮੀ ਖਤਰੇ ਤੋਂ ਖਾਲੀ ਨਹੀਂ। ਸਿਮਰਨ, ਨਿਸ਼ਕਾਮ ਸੇਵਾ ਤੇ ਪੰਥਕ ਦਰਦ ਵਾਲੀਆਂ ਹਸਤੀਆਂ ਦਿਨੋ ਦਿਨ ਅਲੋਪ ਹੋ ਰਹੀਆਂ ਹਨ ਅਤੇ ਉਨ੍ਹਾਂ ਦੀ ਥਾਂ ਸ਼ਰਧਾਹੀਨ, ਖੁਦਗਰਜ਼, ਭ੍ਰਿਸ਼ਟਾਚਾਰੀ ਤੇ ਹਉਮੈ ਵੇੜ੍ਹੇ ਆਗੂ ਲੈ ਰਹੇ ਹਨ। ਤਾਂ ਕੀ ਫੇਰ ਗੁਰੂ ਕਲਗੀਧਰ ਜੀ ਦਾ ਸਾਜਿਆ ਨਿਵਾਜਿਆ ਲਾਡਲਾ ਖ਼ਾਲਸਾ ਆਪਸੀ ਫੁੱਟ ਦਾ ਸ਼ਿਕਾਰ ਤੇ ਸਿਧਾਂਤ ਹੀਨ ਹੋ ਕੇ ਅਤੇ ਆਪਣੇ ਨਿਆਰਾਪਨ ਤਿਆਗ ਕੇ ਆਪਣੀ ਹੋਂਦ ਨੂੰ ਗਵਾ ਬੈਠੇਗਾ ? ਇਹ ਸੁਆਲ ਹਰੇਕ ਪੰਥ ਦਰਦੀ ਦੀ ਵਿਚਾਰ ਦਾ ਵਿਸ਼ਾ ਬਣ ਰਿਹਾ ਹੈ। ਇਸ ਦਾ ਉੱਤਰ ਹੈ, 'ਨਹੀਂ' ਹਰਗਿਜ਼ ਨਹੀਂ।' ਜਦ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ, ਸਿਖ ਇਤਿਹਾਸ ਤੇ ਸਿੱਖੀ ਜੀਵਨ ਵਾਲੇ ਪੰਜ ਸਿੰਘ ਕਾਇਮ ਹਨ ਤਦ ਤਕ ਖਾਲਸੇ ਦੀ ਹੋਂਦ ਨੂ ਕੋਈ ਖਤਰਾ ਨਹੀਂ, ਪਰ ਪੰਥ ਨੂੰ ਚੜ੍ਹਦੀ ਕਲਾ ਵਿਚ ਰੱਖਣ ਤੇ 'ਖ਼ਾਲਸਾ ਜੀ ਕੇ ਬੋਲ ਬਾਲੇ' ਹੁੰਦੇ ਵੇਖਣ ਲਈ ਕੌਮ ਨੂੰ ਸਵੈ ਪੜਚੋਲ ਤੋਂ ਪਿਛੋਂ ਭਰਪੂਰ ਉੱਦਮ ਕਰਨਾ ਤੇ ਜ਼ੋਰਦਾਰ ਘਾਲਣਾ ਘਾਲਣੀ ਪਵੇਗੀ। ਇਸ ਭਾਵ ਦੀ ਪੂਰਤੀ ਲਈ ਹੇਠ ਲਿਖੇ ਸੁਝਾਉ ਪੰਥ ਹਿਤੈਸੀਆਂ ਦੀ ਵਿਚਾਰ ਲਈ ਪੇਸ਼ ਹਨ :—

੧. ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਅੰਤਮ ਇਸ਼ਟ ਮੰਨ ਕੇ ਆਪਣੇ ਆਪ ਨੂੰ ਇਸ ਦੇ ਸਮਰਪਨ ਕੀਤਾ ਜਾਵੇ ਅਤੇ ਬਾਣੀ ਤੋਂ ਪਰਾਪਤ ਹੋਏ ਗਿਆਨ ਦੀ ਰੋਸ਼ਨੀ ਵਿਚ ਜੀਵਨ ਜੀਉਣ ਦਾ ਦ੍ਰਿੜ ਪ੍ਰਣ ਕੀਤਾ ਜਾਵੇ।

੨. ਬਾਣੀ ਦੇ ਮੰਤਰਾਂ ਵਾਂਗ ਰਟਣ, ਭੇਟਾ ਦੇ ਕੇ



www.AKJ.Org

ਅੰਖਡ ਪਾਠ ਤੇ ਪੂਜਾ ਕਰਵਾਉਣ, ਜਾਤ ਪਾਤ ਵਰਨ ਤੇ ਨਵੀਆਂ ਤੋਂ ਨਵੀਆਂ ਪਰਚਲਤ ਹੋ ਰਹੀਆਂ ਕਰਮ ਕਾਂਡੀ ਤੇ ਫੋਕਟ ਰੀਤਾਂ ਦਾ ਤਿਆਗ ਕੀਤਾ ਜਾਵੇ ।

੩. ਧੜੇ ਬੰਦੀਆਂ ਤੋਂ ਰਹਿਤ ਹੋ ਕੇ ਕੇਵਲ ਅਕਾਲ ਪੁਰਖ ਦੇ ਧੜੇ ਵਿਚ ਹੀ ਰਿਹਾ ਜਾਵ । ਮਾਨਸ ਪੂਜਾ ਦੀ ਥਾਂ ਸ਼ਬਦ ਗੁਰੂ ਜੀ ਦੀ ਪੂਜਾ ਕੀਤੀ ਜਾਵੇ ।

੪. ਪੂਜਾ ਤੇ ਧਾਨ ਪਰਾਏ ਹਕ ਤੇ ਅਯੋਗ ਤਰੀਕਿਆਂ ਨਾਲ ਮਾਇਆ ਪਰਾਪਤ ਕਰਨ ਨੂੰ 'ਵਿਖੁ ਸਮਾਨ' ਸਮਝ ਕੇ ਤ੍ਰਿਸਕਾਰਿਆ ਜਾਵੇ ।

੫, ਮਨੁਖਾ ਜਨਮ ਦਾ ਜੀਵਨ-ਮਨੋਰਥ ਕੇਵਲ ਪਰਮਾਤਮਾ ਨਾਲ ਮਿਲਾਪ ਹੀ ਨਿਸਚਿਤ ਕੀਤਾ ਜਾਵੇ ਅਤੇ ਇਸ ਦੀ ਪਰਾਪਤੀ ਲਈ ਗੁਰੂ-ਗਿਆਨ, ਨਾਮ ਸਿਮਰਨ, ਕੀਰਤਨ, ਸਤਿਸੰਗ, ਸ਼ੁਭ ਕਰਮ, ਨਿਸ਼ਕਾਮ ਸੇਵਾ ਤੇ ਸਰਬੱਤ ਦੇ ਭਲੇ ਦੀ ਜਾਚਨਾ ਕੀਤੀ ਜਾਵੇ ।

੬: ਪੰਥ ਦੇ ਕਰੋੜਾਂ ਰੁਪਏ ਦਿਖਾਵੇ ਦੇ ਗੁਰਪੁਰਬਾਂ ਤੇ ਅਖੰਡ ਪਾਠਾਂ ਉਤੇ ਖਰਚ ਹੁੰਦੇ ਹਨ ਪਰ ਧਾਰਮਿਕ ਜ਼ੀਵਨ ਪਹਿਲਾਂ ਨਾਲੋਂ ਘਟ ਰਿਹਾ ਹੈ। ਲੋੜ ਹੈ ਕਿ ਹਰੇਕ ਪ੍ਰਾਣੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਨਾਲ ਸਿਧਾ ਸਬੰਧ ਕਾਇਮ ਕਰੇ। ਆਪ ਪ੍ਰੇਮ ਨਾਲ ਵਿਚਾਰ ਕੇ ਪਾਠ ਕਰੇ ਅਤੇ ਜੋ ਉਪਦੇਸ਼ ਗੁਰਬਾਣੀ ਤੋਂ ਮਿਲਣ ਉਨ੍ਹਾਂ ਨੂੰ ਮਨ ਚਿਤ ਨਾਲ ਅੰਦਰ ਧਾਰ ਕੇ ਨਾਮ ਜਾਪ ਦੀ ਕਮਾਈ ਵਿਚ ਨਿਗਮਨ ਰਹੇ ।

੭. ਗੁਰਦੁਆਰਾ ਐਕਟ ਵਿਚ ਸੋਧ ਕਰ ਕੇ ਚੋਣ ਦਾ ਅਜਿਹਾ ਤਰੀਕਾ ਅਪਣਾਇਆ ਜਾਵੇ ਜਿਸ ਕਰ ਕੇ ਕੇਵਲ ਅੰਮ੍ਰਿਤਧਾਰੀ, ਨਾਮ ਬਾਣੀ ਦੇ ਰਸੀਏ, ਸੁੱਚਾ ਤੇ ਪਵਿੱਤਰ ਜੀਵਨ ਬਤੀਤ ਕਰਨ ਵਾਲੇ ਗੁਰਮੁਖ ਹੀ ਮੈਂਬਰ ਬਣ ਸਕਣ। ਪੰਥ ਵਿਚੋਂ ਨਾਮ ਦੀ ਕਮਾਈ ਵਾਲੇ ਪੰਜ ਸਿੰਘਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਪੰਜ ਪਿਆਰੇ ਨੀਯਤ ਕੀਤਾ ਜਾਵੇ। ਧਰਮ ਪਰਚਾਰ ਸਾਰਾ ਇਨ੍ਹਾਂ ਪਿਆਰਿਆਂ ਦੇ ਹਵਾਲੇ ਕੀਤਾ ਜਾਵੇ । ਇਨ੍ਹਾਂ ਨੂੰ ਖ਼ਾਲਸੇ ਦੀ ਸੁਪਰੀਮ ਦਾ ਦਰਜ਼ਾ ਦਿਤਾ ਜਾਵੇ ।

੮. ਗੁਰੂ ਨਾਨਕ ਦੇਵ ਜੀ ਦੇ ਦਰ ਤੇ ਕਰਨੀ ਵਿਹੂਣੇ ਪੁਰਸ਼ ਉਸੇ ਤਰ੍ਹਾਂ ਸਿੱਖ ਨਹੀਂ ਹਨ ਜਿਸ ਤਰ੍ਹਾਂ "ਨਾ ਕੋਈ ਹਿੰਦੂ ਨਾਂ ਮੁਸਲਮਾਨ" ਦਾ ਨਾਅਰਾ ਲਾਉਣ ਸਮੇਂ ਹਿੰਦੂ ਹਿੰਦੂ ਨਹੀਂ ਸਨ ਤੇ ਨਾ ਮੁਸਲਮਾਨ ਹੀ ਮੁਸਲਮਾਨ ਸਨ ।

੯. ਸਿਖ, ਕਿਰਤ ਕਰਦਾ ਹੋਇਆ ਕੀਰਤੀ ਨਾ ਛਡੇ। ਨਿਰਭਉ ਤੇ ਨਿਰਵੈਰ ਜੀਵਨ ਬਤੀਤ ਕਰੇ। ਅਕ੍ਰਿਤਘਣ ਨਾ ਬਣੇ। ਅੰਮ੍ਰਿਤ ਵੇਲੇ ਉੱਦਮ ਨਾਲ ਉੱਠੇ, ਇਸ਼ਨਾਨ ਉਪਰੰਤ ਨਾਮ ਜਪੇ, ਗੁਰਬਾਣੀ ਗਾਵੇ, ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੇ।

੧੦. ਕਥਨੀ ਨਾਲੋਂ ਕਰਨੀ ਨੂੰ ਉੱਚਾ ਸਮਝ ਕੇ ਭਾਣੇ ਤੇ ਰਜ਼ਾ ਵਿਚ ਚਲਿਆਂ ਗੁਰੂ ਦੀ ਬਖਸ਼ਸ਼ ਦੇ ਪਾਤਰ ਬਣੀਏ ।

ਅਰਦਾਸ ਹੈ ਕਿ ਦਸਮੇਸ਼ ਪਿਤਾ ਆਪਣੇ ਮੁਰੀਦਾਂ ਅਰਥਾਤ ਪੰਥ ਦੀ ਬਾਹੁੜੀ ਕਰ ਕੇ ਨਾਮ ਸਿਮਰਨ ਤੇ ਨਸ਼ਕਾਮ ਸੇਵਾ ਵਿਚ ਲਾਈ ਰਖੇ ।

———



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ

## ਕੁਮਾਰ ਹੱਟੀ ਤੇ ਸ਼ਿਮਲੇ ਵਿਖੇ

ਅਗੇ ਦੀ ਤਰ੍ਹਾਂ ਐਤਕੀਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਗੁਰਪੁਰਬ ਕੁਮਾਰ ਹੱਟੀ ਤੇ ਸ਼ਿਮਲੇ ਵਿਖੇ ਮਨਾਉਣਾ ਨੀਯਤ ਹੋਇਆ ਹੈ। ਪ੍ਰੋਗਰਾਮ ਦਾ ਵੇਰਵਾ ਇਹ ਪ੍ਰਕਾਰ ਹੈ : —

## ਕੁਮਾਰ ਹੱਟੀ

| ਤ੍ਰੀਕ | ਟਾਈਮ | ਵੇਰਵਾ | ਅਸਥਾਨ |
|---|---|---|---|
| ੧੩-੬-੭੨ | ਸਵੇਰੇ ੫ ਤੋਂ ੮ | ਕੀਰਤਨ ਆਸਾ ਦੀ ਵਾਰ। | ਗੁਰਦਵਾਰ ਤਪੋ ਬਨ |
| (ਮੰਗਲਵਾਰ) | | ਉਪਰੰਤ ਅਰੰਭ ਸ੍ਰੀ ਅਖੰਡ ਪਾਠ। | |
| | ਸ਼ਾਮ ੬ ਤੋਂ ੯ | ਕੀਰਤਨ ...... ...... | ,, ,, |
| ੧੪-੬-੭੨ | ਸਵੇਰੇ ੬ ਤੋਂ ੧੧ | ਕੀਰਤਨ ...... ...... | ਗੁਰਦਵਾਰਾ ਸਿੰਘ |
| (ਬੁਧਵਾਰ) | | | ਸਭਾ ਡਗਸਈ। |
| | ਸ਼ਾਮ ੬ ਤੋਂ ੯ | ਕੀਰਤਨ ...... ...... | ਗੁਰਦਵਾਰਾ ਤਪੋ ਬਨ |
| ੧੫-੬-੭੨ | ਸਵੇਰੇ | ਭੋਗ ਸ੍ਰੀ ਅਖੰਡ ਪਾਠ। | ਗੁਰਦਵਾਰਾ ਤਪੋ |
| (ਵੀਰਵਾਰ) | | ਉਪਰੰਤ ਕੀਰਤਨ। | ਬਨ। |
| | ਸ਼ਾਮ ੮ ਵਜੇ | ਅਰੰਭ ਕੀਰਤਨ ਰੈਣ ਸਬਾਈ। | ,, ,, |
| ੧੬-੬-੭੨ | ਸਵੇਰੇ | ਭੋਗ ਕੀਰਤਨ ਰੈਣ ਸਬਾਈ। | ,, ,, |
| (ਸ਼ੁਕਰਵਾਰ) | | | |

## ਸ਼ਿਮਲਾ

੧੬ ਤੋਂ ੧੯-੬-੭੨ ਤਕ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ ਸ਼ਿਮਲੇ ਵਿਖੇ ਹੋਣਗੇ। ਵੇਰਵੇ ਸਹਿਤ ਪ੍ਰੋਗਰਾਮ ਫਿਰ ਦਿਤਾ ਜਾਵੇਗਾ।

ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਅਵਸਰ ਤੇ ਆਇ ਦੀਦਾਰੇ ਬਖਸ਼ੋ ਤੇ ਕੀਰਤਨ ਦੀਆਂ ਝੜੀਆਂ ਲਾਓ।

ਅਖੰਡ ਕੀਰਤਨੀ ਜਥਾ
ਸ਼ਿਮਲਾ ਤੇ ਕੁਮਾਰ ਹੱਟੀ।

ਪੁਛ ਗਿਛ ਲਈ :—

1. ਭਾਈ ਇੰਦਰ ਸਿੰਘ ਜੀ ਖਾਲਸਾ ਬੂਟ ਹਾਊਸ ਸ਼ਿਮਲਾ।
2. ਭਾਈ ਬਾਵਾ ਸਿੰਘ ਗੁਰਦਵਾਰਾ ਤਪੋ ਬਨ ਕੁਮਾਰ ਹੱਟੀ।



www.AKJ.Org

# ਗਿ: ਹਰਬੰਸ ਸਿੰਘ ਜੀ (ਚੰਡੀਗੜ੍ਹ) ਰਚਿਤ :–

੧. ਜਪੁ ਨਿਰਣਯ :–

ਇਸ ਵਿਚ ਜਪੁਜੀ ਸਾਹਿਬ ਦਾ ਇਤਿਹਾਸ, ਜਪੁ ਮਹਾਤਮ ਸਾਖੀਆਂ, ਚੋਣਵੇਂ ਵਿਸ਼ਿਆਂ ਅਤੇ ਪੰਜ ਖੰਡਾਂ ਬਾਰੇ ਵਿਸ਼ੇਸ਼ ਵੀਚਾਰ' ਮੂਲ ਪਾਠ· ਪਦ-ਅਰਥ ਅਤੇ ਲਗ ਪਗ ੫੧ ਸ਼ੰਕਾਵਾਦੀ ਪ੍ਰਚਲਤ ਅਰਥਾਂ ਦੇ ਨਿਰਣੇ ਕੀਤੇ ਗਏ ਹਨ।

੨ ਚੰਡੀ ਦੀ ਵਾਰ ਨਿਰਣਯ :–

ਇਸ ਵਿਚ ਚੰਡੀ ਦੀ ਵਾਰਤਾ, ਯੁਧ ਦੇ ਸਤ ਦ੍ਰਿਸ਼, ਵਾਰ ਦਾ ਇਤਿਹਾਸ, ਅਤੇ ਪ੍ਰਚਲਤ ਸ਼ੰਕਿਆਂ ਸਬੰਧੀ ਲੋੜੀਂਦੇ ਵਿਚਾਰ, ਮੂਲ ਪਾਠ, ਪਦ ਅਰਥ ਅਤੇ ਅਰਦਾਸ ਦੇ ਅਰਥ ਦੇ ਭੁਲੇਖਿਆਂ ਨੂੰ ਦੂਰ ਕੀਤਾ ਗਿਆ ਹੈ। ਮੂਲ ੨–੫੦

੩. ਆਸਾ ਦੀ ਵਾਰ ਨਿਰਣਯ :–

ਇਸ ਵਿਚ ਗੁਰੂ ਨਾਨਕ ਵਾਰਤਾ, ਟੁੰਡੇ ਅਸਰਾਜੇ ਦੀ ਵਾਰਤਾ, ਮੂਲ-ਪਾਠ, ਪਦ ਅਰਥ, ਲਗ ਪਗ ੭੦ ਸ਼ੰਕਾਵਾਦੀ ਅਰਥਾਂ ਦੇ ਨਿਰਣੇ, ਧਾਰਮਿਕ ਤੇ ਸਮਾਜਿਕ ਵਿਸ਼ਿਆਂ ਸਬੰਧੀ ਸਿਧਾਂਤ, ਆਸਾ ਮਹਲਾ ੪ ਛੰਤ ਘਰ ੪ ਦੇ ਅਰਥ ਅਤੇ ਕੀਰਤਨ ਸਬੰਧੀ ਗੁਰਮਤਿ ਆਦੇਸ਼ਾਂ ਦੀ ਵਿਆਖਿਆ ਕੀਤੀ ਗਈ ਹੈ।

੪ ਅੰਮ੍ਰਿਤ ਨਿਤਨੇਮ ਨਿਰਣਯ (ਨਿਤਨੇਮ ਸੋਧਕ) :–

ਇਸ ਵਿਚ ਜਪੁ, ਜਾਪ, ਸਵਈਏ, ਚੌਪਈ, ਅਨੰਦ, ਸੋਦਰੁ, ਸੋਹਿਲਾ ਇਨ੍ਹਾਂ ਬਾਣੀਆਂ ਦੀ ਇਤਿਹਾਸਕ ਜਾਣ-ਪਛਾਣ, ਅੰਮ੍ਰਿਤ ਨਿਤਨੇਮ ਬਾਰੇ ਗੁਰਮਤਿ ਆਦੇਸ਼ ਮੂਲ-ਪਾਠ ਪਦ ਅਰਥ, ਅਰਥ, ਪਾਠ-ਉਚਾਰਨ, ਪਾਠ ਸਰੂਪਾਂ ਦੇ ਭੇਦ ਅਤੇ ਸ਼ੰਕਾਵਾਦੀ ਅਰਥਾਂ ਦੇ ਨਿਰਣੇ ਕੀਤੇ ਗਏ ਹਨ।

੫. ਗੁਰਮਤਿ ਮਰਯਾਦਾ ਸੰਗ੍ਰਹਿ (ਭਾਗ ਪਹਿਲਾ) :–

ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ਨ, ਸੁਖਾਸਨ, ਨਿਵਾਸਨ, ਸੇਵਾ ਸਤਿਕਾਰ, ਮੱਥਾ ਟੇਕਣਾ, ਅਰਦਾਸ, ਕੜਾਹ ਪ੍ਰਸ਼ਾਦ ਆਦਿ ਪੁਰਾਤਨ ਰਹੁ-ਰੀਤੀਆਂ ਦੇ ਸਮੂਹ ਪੱਖਾਂ ਤੇ ਚਾਨਣ ਪਾਇਆ ਗਿਆ ਹੈ।

੬. ਅਕਾਲ ਉਸਤਤਿ ਨਿਰਣਯ :–

ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਕਾਲ-ਉਸਤਤ ਦਾ ਮੂਲ-ਪਾਠ, ਪਦ-ਅਰਥ ਤੇ ਪ੍ਰਚੱਲਤ ਸ਼ੰਕਿਆਂ ਸਬੰਧੀ ਲੋੜੀਂਦੇ ਵਿਚਾਰ ਦਿੱਤੇ ਹਨ। ਮੂਲ ੪–੦

ਮਿਲਣ ਦਾ ਪਤਾ :– **ਸੁੰਦਰ ਬੁੱਕ ਡਿਪੋ**

ਮਾਈ ਹੀਰਾਂ ਗੇਟ, ਜਲੰਧਰ।



www.AKJ.Org

www.AKJ.org
www.AKJ.Org